www.prepp.in

Prepp
Your Personal Exams Guide

प्रश्न–पुस्तिका संख्या व बारकोड/
Question Booklet No. & Barcode

207149

# ALP-23

इस प्रश्न-पुस्तिका को तब तक न खोलें जब तक कहा न जाए । Do not open this Question Booklet until you are asked to do so.

पुस्तिका में पृष्ठों की संख्या : 16
Number of Pages in Booklet : 16
पुस्तिका में प्रश्नों की संख्या : 150
No. of Questions in Booklet : 150

Paper Code : 13

समय : 03 घण्टे + 10 मिनट अतिरिक्त*
Time : 03 Hours + 10 Minutes Extra*

Sub : Punjabi-I
Paper-I

अधिकतम अंक : 75
Maximum Marks : 75

प्रश्न–पुस्तिका के पेपर की सील/पॉलिथीन बैग को खोलने पर प्रश्न–पत्र हल करने से पूर्व परीक्षार्थी यह सुनिश्चित कर लें कि :
- प्रश्न–पुस्तिका संख्या तथा ओ.एम.आर. उत्तर–पत्रक पर अंकित बारकोड संख्या समान है।
- प्रश्न–पुस्तिका एवं ओ.एम.आर. उत्तर–पत्रक के सभी पृष्ठ व सभी प्रश्न सही मुद्रित हैं। समस्त प्रश्न, जैसा कि ऊपर वर्णित है, उपलब्ध हैं तथा कोई भी पृष्ठ कम नहीं है/ मुद्रण त्रुटि नहीं है।

किसी भी प्रकार की विसंगति या दोषपूर्ण होने पर परीक्षार्थी वीक्षक से दूसरा प्रश्न–पत्र प्राप्त कर लें। यह सुनिश्चित करने की जिम्मेदारी स्वयं अभ्यर्थी की होगी। परीक्षा प्रारम्भ होने के 5 मिनट पश्चात् ऐसे किसी दावे/आपत्ति पर कोई विचार नहीं किया जायेगा।

On opening the paper seal/polythene bag of the Question Booklet before attempting the question paper, the candidate should ensure that :
- Question Booklet Number and Barcode Number of OMR Answer Sheet are same.
- All pages & Questions of Question Booklet and OMR Answer Sheet are properly printed. All questions as mentioned above are available and no page is missing/misprinted.

If there is any discrepancy/defect, candidate must obtain another Question Booklet from Invigilator. Candidate himself shall be responsible for ensuring this. No claim/objection in this regard will be entertained after five minutes of start of examination.

## परीक्षार्थियों के लिए निर्देश

1. **प्रत्येक प्रश्न के लिये एक विकल्प भरना अनिवार्य है ।**
2. **सभी** प्रश्नों के अंक समान हैं ।
3. प्रत्येक प्रश्न का मात्र **एक** ही उत्तर दीजिए । एक से अधिक उत्तर देने की दशा में प्रश्न के उत्तर को गलत माना जाएगा ।
4. OMR उत्तर-पत्रक इस प्रश्न-पुस्तिका के अन्दर रखा है । जब आपको प्रश्न-पुस्तिका खोलने को कहा जाए, तो उत्तर-पत्रक निकाल कर ध्यान से केवल **नीले बॉल पॉइंट पेन** से विवरण भरें ।
5. कृपया अपना रोल नम्बर ओ.एम.आर. उत्तर-पत्रक पर सावधानीपूर्वक सही भरें । गलत रोल नम्बर भरने पर परीक्षार्थी स्वयं उत्तरदायी होगा ।
6. **प्रत्येक गलत उत्तर के लिए प्रश्न अंक का 1/3 भाग काटा जायेगा** । गलत उत्तर से तात्पर्य अशुद्ध उत्तर अथवा किसी भी प्रश्न के एक से अधिक उत्तर से है ।
7. **प्रत्येक प्रश्न के पाँच विकल्प दिये गये हैं, जिन्हें क्रमश: 1, 2, 3, 4, 5 अंकित किया गया है । अभ्यर्थी को सही उत्तर निर्दिष्ट करते हुए उनमें से केवल एक गोले (बबल) को उत्तर-पत्रक पर नीले बॉल पॉइंट पेन से गहरा करना है ।**
8. **यदि आप प्रश्न का उत्तर नहीं देना चाहते हैं तो उत्तर-पत्रक में पाँचवें (5) विकल्प को गहरा करें । यदि पाँच में से कोई भी गोला गहरा नहीं किया जाता है, तो ऐसे प्रश्न के लिये प्रश्न अंक का 1/3 भाग काटा जायेगा ।**
9.* **प्रश्न-पत्र हल करने के उपरांत अभ्यर्थी अनिवार्य रूप से ओ.एम.आर. उत्तर-पत्रक जाँच लें कि समस्त प्रश्नों के लिये एक विकल्प (गोला) भर दिया गया है । इसके लिये ही निर्धारित समय से 10 मिनट का अतिरिक्त समय दिया गया है ।**
10. **यदि अभ्यर्थी 10% से अधिक प्रश्नों में पाँच विकल्पों में से कोई भी विकल्प अंकित नहीं करता है, तो उसको अयोग्य माना जायेगा ।**
11. मोबाइल फोन अथवा अन्य किसी इलेक्ट्रोनिक यंत्र का परीक्षा हॉल में प्रयोग पूर्णतया वर्जित है । यदि किसी अभ्यर्थी के पास ऐसी कोई वर्जित सामग्री मिलती है तो उसके विरुद्ध आयोग द्वारा नियमानुसार कार्यवाही की जायेगी ।

**चेतावनी :** अगर कोई अभ्यर्थी नकल करते पकड़ा जाता है या उसके पास से कोई अनधिकृत सामग्री पाई जाती है, तो उस अभ्यर्थी के विरुद्ध पुलिस में प्राथमिकी दर्ज कराते हुए और **राजस्थान सार्वजनिक परीक्षा (भर्ती में अनुचित साधनों की रोकथाम अध्युपाय) अधिनियम, 2022 तथा अन्य प्रभावी कानून एवं आयोग के नियमों-प्रावधानों** के तहत कार्यवाही की जाएगी । साथ ही आयोग ऐसे अभ्यर्थी को भविष्य में होने वाली आयोग की समस्त परीक्षाओं से विवर्जित कर सकता है ।

## INSTRUCTIONS FOR CANDIDATES

1. **It is mandatory to fill one option for each question.**
2. All questions carry equal marks.
3. Only one answer is to be given for each question. If more than one answers are marked, it would be treated as wrong answer.
4. The OMR Answer Sheet is inside this Question Booklet. When you are directed to open the Question Booklet, take out the Answer Sheet and fill in the particulars carefully with **Blue Ball Point Pen** only.
5. Please correctly fill your Roll Number in OMR Answer Sheet. Candidate will themself be responsible for filling wrong Roll No.
6. **1/3 part of the mark(s) of each question will be deducted for each wrong answer.** A wrong answer means an incorrect answer or more than one answers for any question.
7. **Each question has five options marked as 1, 2, 3, 4, 5. You have to darken only one circle (bubble) indicating the correct answer on the Answer Sheet using BLUE BALL POINT PEN.**
8. **If you are not attempting a question then you have to darken the circle '5'. If none of the five circles is darkened, one third (1/3) part of the marks of question shall be deducted.**
9.* **After solving question paper, candidate must ascertain that he/she has darkened one of the circles (bubbles) for each of the questions. Extra time of 10 minutes beyond scheduled time, is provided for this.**
10. **A candidate who has not darkened any of the five circles in more than 10% questions, shall be disqualified.**
11. Mobile Phone or any other electronic gadget in the examination hall is strictly prohibited. A candidate found with any of such objectionable material with him/her will be strictly dealt as per rules.

**Warning :** If a candidate is found copying or if any unauthorized material is found in his/her possession, F.I.R. would be lodged against him/her in the Police Station and he/she would liable to be prosecuted under **Rajasthan Public Examination (Measures for Prevention of Unfair Means in Recruitment) Act, 2022 & any other laws applicable and Commission's Rules-Regulations.** Commission may also debar him/her permanently from all future examinations.

उत्तर–पत्रक में दो प्रतियाँ हैं – मूल प्रति और कार्बन प्रति। परीक्षा समाप्ति पर परीक्षा कक्ष छोड़ने से पूर्व परीक्षार्थी उत्तर–पत्रक की दोनों प्रतियाँ वीक्षक को सौंपेंगे, परीक्षार्थी स्वयं कार्बन प्रति अलग नहीं करें। वीक्षक उत्तर–पत्रक की मूल प्रति को अपने पास जमा कर, कार्बन प्रति को मूल प्रति से कट लाइन से मोड़ कर सावधानीपूर्वक अलग कर परीक्षार्थी को सौंपेंगे, जिसे परीक्षार्थी अपने साथ ले जायेंगे। परीक्षार्थी को उत्तर–पत्रक की कार्बन प्रति चयन प्रक्रिया पूर्ण होने तक सुरक्षित रखनी होगी एवं आयोग द्वारा माँगे जाने पर प्रस्तुत करनी होगी।



Prepp+ Subscription
Only ~~(₹999)~~ ₹249/year
500+ Exams | 1 Year Full Access | 50,000+ Mock tests | 10,000+ Pyp's
Unlock Your Success Today!
LIMITED TIME OFFER

www.prepp.in
Prepp Your Personal Exams Guide

1. ਕਿਸ ਸੂਫ਼ੀ ਕਵੀ ਨੂੰ ਪੰਜਾਬੀ ਦਾ ਰੂਮੀ ਕਿਹਾ ਜਾਂਦਾ ਹੈ ?
(1) ਸ਼ਾਹ ਹੁਸੈਨ (2) ਬੁੱਲ੍ਹੇ ਸ਼ਾਹ
(3) ਸ਼ਾਹ ਸ਼ਰਫ਼ (4) ਬਾਬਾ ਫ਼ਰੀਦ
(5) ਅਨਉੱਤਰਿਤ ਪ੍ਰਸ਼ਨ

2. ਸੁਲਤਾਨ ਬਾਹੂ ਦੀ ਪੰਜਾਬੀ ਵਿੱਚ ਮਿਲਦੀ ਰਚਨਾ ਕਿਸ ਕਾਵਿ ਰੂਪ ਵਿੱਚ ਪ੍ਰਾਪਤ ਹੈ ?
(1) ਸ਼ਲੋਕ (2) ਸੀਹਰਫ਼ੀ
(3) ਕਾਫ਼ੀ (4) ਦੋਹੜੇ
(5) ਅਨਉੱਤਰਿਤ ਪ੍ਰਸ਼ਨ

3. ਬਲਵੰਤ ਗਾਰਗੀ ਰਚਿਤ 'ਕੌਡੀਆਂ ਵਾਲਾ ਸੱਪ' ਰੇਖਾ-ਚਿੱਤਰ ਸੰਗ੍ਰਹਿ ਵਿਚ ਸ਼ਾਮਲ ਇਸੇ ਸਿਰਲੇਖ ਵਾਲੇ ਰੇਖਾ-ਚਿੱਤਰ ਦਾ ਸੰਬੰਧ ਕਿਸ ਨਾਲ ਹੈ ?
(1) ਸਤਿੰਦਰ ਸਿੰਘ ਨੂਰ
(2) ਮਹਿੰਦਰ ਸਿੰਘ ਰੰਧਾਵਾ
(3) ਦਵਿੰਦਰ ਸਤਿਆਰਥੀ
(4) ਸ਼ਿਵ ਕੁਮਾਰ ਬਟਾਲਵੀ
(5) ਅਨਉੱਤਰਿਤ ਪ੍ਰਸ਼ਨ

4. ਕਵਿਤਾ ਵਿੱਚ ਸਭ ਤੋਂ ਵੱਧ ਰਾਗਾਂ ਦੀ ਵਰਤੋਂ ਕਰਨ ਵਾਲਾ ਪੰਜਾਬੀ ਸੂਫ਼ੀ ਕਵੀ ਅਤੇ ਉਸ ਦੁਆਰਾ ਵਰਤੇ ਰਾਗਾਂ ਦੀ ਗਿਣਤੀ ਹੈ :
(1) ਸ਼ਾਹ ਹੁਸੈਨ (2) ਬੁੱਲ੍ਹੇ ਸ਼ਾਹ
(3) ਸੁਲਤਾਨ ਬਾਹੂ (4) ਬਾਬਾ ਫ਼ਰੀਦ
(5) ਅਨਉੱਤਰਿਤ ਪ੍ਰਸ਼ਨ

5. 'ਸਾਡਾ ਹੱਥ ਲਿਖਤ ਪੰਜਾਬੀ ਸਾਹਿਤ' ਪੁਸਤਕ ਦਾ ਸੰਪਾਦਕ ਹੈ
(1) ਡਾ. ਤਿਰਲੋਚਨ ਸਿੰਘ ਬੇਦੀ
(2) ਮੋਹਨ ਸਿੰਘ ਦੀਵਾਨਾ
(3) ਸਮਸ਼ੇਰ ਸਿੰਘ ਅਸ਼ੋਕ
(4) ਕਿਰਪਾਲ ਸਿੰਘ ਕਸੇਲ
(5) ਅਨਉੱਤਰਿਤ ਪ੍ਰਸ਼ਨ

6. ਕਿਸ ਪੰਜਾਬੀ ਸੂਫ਼ੀ ਕਵੀ ਨੇ ਰੱਬੀ ਇਸ਼ਕ ਦੇ ਨਸ਼ੇ ਨੂੰ ਪ੍ਰਗਟਾਉਣ ਲਈ ਪੰਜਾਬੀ ਜੀਵਨ ਵਿੱਚੋਂ ਭੰਗ ਤੇ ਪੋਸਤ ਦੇ ਚਿੰਨ੍ਹ ਨੂੰ ਵਰਤਿਆ ?
(1) ਸ਼ਾਹ ਹੁਸੈਨ (2) ਬੁੱਲ੍ਹੇ ਸ਼ਾਹ
(3) ਸ਼ਾਹ ਸ਼ਰਫ਼ (4) ਸੁਲਤਾਨ ਬਾਹੂ
(5) ਅਨਉੱਤਰਿਤ ਪ੍ਰਸ਼ਨ

7. ਪੰਜਾਬੀ ਦੀ ਪ੍ਰਸਿੱਧ ਕਹਾਣੀ 'ਸ਼ੀਸ਼ਾ' ਕਿਸ ਦੀ ਲਿਖੀ ਹੋਈ ਹੈ
(1) ਕੁਲਵੰਤ ਸਿੰਘ ਵਿਰਕ
(2) ਗੁਰਬਚਨ ਭੁੱਲਰ
(3) ਵਰਿਆਮ ਸੰਧੂ
(4) ਗੁਰਦੇਵ ਸਿੰਘ ਰੁਪਾਣਾ
(5) ਅਨਉੱਤਰਿਤ ਪ੍ਰਸ਼ਨ

8. ਹੇਠ ਲਿਖਿਆਂ ਵਿੱਚੋਂ ਕਿਸ ਕਿੱਸੇ ਵਿੱਚ ਮੰਗਲਾਚਰਣ ਦੀ ਰੂੜੀ ਨਿਭਾਈ ਨਹੀਂ ਮਿਲਦੀ ?
(1) ਹਾਸ਼ਮ ਰਚਿਤ ਸੱਸੀ
(2) ਵਾਰਿਸ ਰਚਿਤ ਹੀਰ
(3) ਪੀਲੂ ਰਚਿਤ ਮਿਰਜ਼ਾ ਸਾਹਿਬਾਂ
(4) ਸੋਹਣੀ ਫ਼ਜ਼ਲ ਸ਼ਾਹ
(5) ਅਨਉੱਤਰਿਤ ਪ੍ਰਸ਼ਨ

9. ਸੈਮਟਿਕ ਮੂਲ ਵਾਲੀਆਂ ਪ੍ਰੇਮ ਗਾਥਾਵਾਂ ਦਾ ਸਹੀ ਜੁੱਟ ਕਿਹੜਾ ਹੈ ?
(1) ਯੂਸਫ਼ ਜ਼ੁਲੈਖ਼ਾਂ ਤੇ ਲੈਲਾ ਮਜਨੂੰ
(2) ਸੱਸੀ ਪੁੰਨੂੰ ਤੇ ਚੰਦਰਬਦਨ
(3) ਲੈਲਾ ਮਜਨੂੰ ਤੇ ਹੀਰ ਰਾਂਝਾ
(4) ਸ਼ੀਰੀਂ ਫ਼ਰਹਾਦ ਤੇ ਸੱਸੀ ਪੁੰਨੂੰ
(5) ਅਨਉੱਤਰਿਤ ਪ੍ਰਸ਼ਨ

10. ਪੰਜਾਬੀ ਦੇ ਕਿਸ ਕਿੱਸਾਕਾਰ ਨੇ ਆਪਣੇ ਕਿੱਸੇ ਵਿੱਚ ਰਾਂਝੇ ਦੀ ਵੰਝਲੀ ਦੀ ਖਿੱਚ ਨੂੰ ਕ੍ਰਿਸ਼ਨ ਭਗਵਾਨ ਦੀ ਵੰਝਲੀ ਨਾਲ ਤੁਲਨਾਇਆ ਹੈ ?
(1) ਮੁਕਬਲ
(2) ਦਮੋਦਰ
(3) ਵਾਰਿਸ
(4) ਹਾਫ਼ਿਜ਼ ਬਰਖ਼ੁਰਦਾਰ
(5) ਅਨਉੱਤਰਿਤ ਪ੍ਰਸ਼ਨ

11. 'ਔੜ ਦੇ ਬੀਜ' ਨਾਵਲ ਕਿਸ ਦੀ ਰਚਨਾ ਹੈ ?
(1) ਮਨਮੋਹਨ ਬਾਵਾ
(2) ਬਲਦੇਵ ਸਿੰਘ
(3) ਜਸਬੀਰ ਮੰਡ
(4) ਰਾਮ ਸਰੂਪ ਅਣਖੀ
(5) ਅਨਉੱਤਰਿਤ ਪ੍ਰਸ਼ਨ



Prepp+ Subscription
Only (₹999) ₹249/year
500+ Exams | 1 Year Full Access | 50,000+ Mock tests | 10,000+ Pyp's
Unlock Your Success Today!
LIMITED TIME OFFER

Prepp
Your Personal Exams Guide

12. 'ਓਪਰਾ ਮਰਦ' ਕਹਾਣੀ ਸੰਗ੍ਰਹਿ ਦਾ ਕਰਤਾ ਹੈ
    (1) ਗੁਰਬਚਨ ਸਿੰਘ ਭੁੱਲਰ
    (2) ਸੰਤੋਖ ਸਿੰਘ ਧੀਰ
    (3) ਰਾਮ ਸਰੂਪ ਅਣਖੀ
    (4) ਜਸਵੰਤ ਸਿੰਘ ਵਿਰਦੀ
    (5) ਅਨਉੱਤਰਿਤ ਪ੍ਰਸ਼ਨ

13. 'ਪ੍ਰੇਮ ਸੁਮਾਰਗ' ਅਤੇ 'ਸੁਧਰਾਮ ਮਾਰਗ' ਗ੍ਰੰਥ ਕਿਸ ਸਾਹਿਤਕ ਵੰਨਗੀ ਅਧੀਨ ਹਨ ?
    (1) ਕਿੱਸਾ (2) ਜੀਵਨੀ
    (3) ਰਹਿਤਨਾਮਾ (4) ਹੁਕਮਨਾਮਾ
    (5) ਅਨਉੱਤਰਿਤ ਪ੍ਰਸ਼ਨ

14. ਕਿਰਪਾਲ ਸਿੰਘ ਕਸੇਲ ਨੇ ਕਿਸ ਵਾਰਤਕਕਾਰ ਨੂੰ 'ਮਨੁੱਖਤਾ ਦੀ ਸਾਂਝ ਤੇ ਉਸ ਦੇ ਸੁਰੀਲੇ ਸੁਪਨਿਆਂ ਦਾ ਰਾਦ ਵਿਚ ਕਾਵਿਮਈ ਚਿਤੇਰਾ,' ਕਿਹਾ ਹੈ
    (1) ਬਲਰਾਜ ਸਾਹਨੀ
    (2) ਪ੍ਰਿੰ. ਤੇਜਾ ਸਿੰਘ
    (3) ਗੁਰਬਖ਼ਸ਼ ਸਿੰਘ ਪ੍ਰੀਤਲੜੀ
    (4) ਬਲਵੰਤ ਗਾਰਗੀ
    (5) ਅਨਉੱਤਰਿਤ ਪ੍ਰਸ਼ਨ

15. 'ਹਾਫ਼ਿਜ਼ਾਬਾਦ ਵਾਲੀ ਜਨਮ ਸਾਖੀ' ਹੋਰ ਕਿਸ ਨਾਂ ਨਾਲ ਜਾਣੀ ਜਾਂਦੀ ਹੈ ?
    (1) ਅਰਨੈਸਟ ਟ੍ਰੰਪ ਵਾਲੀ ਜਨਮ ਸਾਖੀ
    (2) ਵਲਾਇਤ ਵਾਲੀ ਜਨਮ ਸਾਖੀ
    (3) ਮੈਕਾਲਫ਼ ਵਾਲੀ ਜਨਮ ਸਾਖੀ
    (4) ਪੁਰਾਤਨ ਜਨਮ ਸਾਖੀ
    (5) ਅਨਉੱਤਰਿਤ ਪ੍ਰਸ਼ਨ

16. ਵਾਰਿਸ ਨੂੰ ਉਸਦੇ ਸਮਕਾਲੀ ਤੇ ਉਤਰਕਾਲੀ ਕਿੱਸਾਕਾਰਾਂ ਨੇ ਕਾਮਲ ਸ਼ਾਇਰ ਆਖਿਆ ਹੈ । ਉਸਦੀ ਸ਼ਾਇਰੀ ਦੀ ਕਾਮਲਤਾ ਕਿਸ ਤੱਥ ਵਿੱਚ ਹੈ ?
    (1) ਹੀਰ ਦੀ ਕਥਾ ਦੀ ਖ਼ੂਬਸੂਰਤ ਸੁਖਾਂਤਕ ਬਿਆਨੀ ਵਿੱਚ
    (2) ਜਾਣੀ ਪਛਾਣੀ ਕਥਾ ਨੂੰ ਨਵਾਂ ਪ੍ਰਸੰਗ ਤੇ ਨਵਾਂ ਪ੍ਰਵਚਨ ਦੇਣ ਵਿੱਚ
    (3) ਕਿੱਸਾ ਹੀਰ ਸੱਦ ਰੂਪ ਵਿੱਚ ਲਿਖਣ ਵਿੱਚ
    (4) ਹੀਰ ਦੀ ਕਥਾ ਨੂੰ ਸੰਖੇਪ ਵਿੱਚ ਬਿਆਨ ਕਰਨ ਵਿੱਚ
    (5) ਅਨਉੱਤਰਿਤ ਪ੍ਰਸ਼ਨ

17. ਇਹਨਾਂ ਵਿੱਚੋਂ ਦਲੀਪ ਕੌਰ ਟਿਵਾਣਾ ਦਾ ਨਾਵਲ ਕਿਹੜਾ ਹੈ
    (1) ਫਾਲਤੂ ਔਰਤ (2) ਤੀਲੀ ਦਾ ਨਿਸ਼ਾਨ
    (3) ਇਕ ਸੀ ਅਨੀਤਾ (4) ਫਰੀ ਰਾਤ
    (5) ਅਨਉੱਤਰਿਤ ਪ੍ਰਸ਼ਨ

18. 'ਜਮਰੌਦ' ਕਹਾਣੀ ਸੰਗ੍ਰਹਿ ਕਿਸ ਦਾ ਹੈ
    (1) ਗੁਰਬਚਨ ਭੁੱਲਰ (2) ਸੰਤੋਖ ਸਿੰਘ ਧੀਰ
    (3) ਵਰਿਆਮ ਸੰਧੂ (4) ਗੁਰਦਿਆਲ ਸਿੰਘ
    (5) ਅਨਉੱਤਰਿਤ ਪ੍ਰਸ਼ਨ

19. ਨਜਾਬਤ ਰਚਿਤ 'ਨਾਦਰ ਸ਼ਾਹ ਦੀ ਵਾਰ' ਵਿੱਚ ਮਿਰਜ਼ਾ ਕਲੰਦਰ ਬੇਗ ਕੌਣ ਹੈ ?
    (1) ਨਾਦਰ ਸ਼ਾਹ ਦੀ ਫੌਜ ਦਾ ਜਰਨੈਲ
    (2) ਕਾਬਲ ਦਾ ਗਵਰਨਰ
    (3) ਨਾਦਰ ਸ਼ਾਹ ਦਾ ਏਲਚੀ
    (4) ਲਾਹੌਰ ਦਾ ਨਾਇਬ ਸੂਬੇਦਾਰ
    (5) ਅਨਉੱਤਰਿਤ ਪ੍ਰਸ਼ਨ

20. 'ਚੱਠਿਆਂ ਦੀ ਵਾਰ' ਵਿੱਚ ਰਸੂਲ ਨਗਰ ਖਾਲੀ ਕਰ ਕੇ ਮਹਾਂ ਸਿੰਘ ਦੇ ਹਵਾਲੇ ਕਿਸਨੇ ਕੀਤਾ ?
    (1) ਪੀਰ ਮਹੁੰਮਦ (2) ਗੁਲਾਮ ਮਹੁੰਮਦ
    (3) ਮੁਕੱਰਬ ਖਾਨ (4) ਨੂਰ ਮਹੁੰਮਦ
    (5) ਅਨਉੱਤਰਿਤ ਪ੍ਰਸ਼ਨ

21. 'ਜੰਗ ਸਿੰਘਾਂ ਤੇ ਫ਼ਰੰਗੀਆਂ' ਦੇ ਬੰਦ 18 ਵਿੱਚ ਕਵੀ 'ਬਲੀ ਸ਼ਹਿਜ਼ਾਦਾ' ਕਿਸਨੂੰ ਕਹਿੰਦਾ ਹੈ ?
    (1) ਕੰਵਰ ਨੌਨਿਹਾਲ ਸਿੰਘ
    (2) ਮਹਾਰਾਜਾ ਸ਼ੇਰ ਸਿੰਘ
    (3) ਰਾਜਾ ਧਿਆਨ ਸਿੰਘ
    (4) ਕੰਵਰ ਪਰਤਾਪ ਸਿੰਘ
    (5) ਅਨਉੱਤਰਿਤ ਪ੍ਰਸ਼ਨ

22. 'ਪੁਰਾਤਨ ਜਨਮ ਸਾਖੀ' ਅੰਦਰਲੇ ਸੰਕੇਤ 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ' ਅਨੁਸਾਰ ਕਿਹੜਾ ਵਿਦਵਾਨ ਇਸ ਦਾ ਰਚਨਾ ਕਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਾਲ ਜੋੜਦਾ ਹੈ ?
    (1) ਭਾਈ ਵੀਰ ਸਿੰਘ
    (2) ਸ਼ਮਸ਼ੇਰ ਸਿੰਘ ਅਸ਼ੋਕ
    (3) ਪ੍ਰਿੰ. ਤੇਜਾ ਸਿੰਘ
    (4) ਪ੍ਰਿੰ. ਸਾਹਬ ਸਿੰਘ
    (5) ਅਨਉੱਤਰਿਤ ਪ੍ਰਸ਼ਨ



Prepp+ Subscription
Only (₹999) ₹249/year
500+ Exams | 1 Year Full Access | 50,000+ Mock tests | 10,000+ Pyp's
Unlock Your Success Today!
LIMITED TIME OFFER

Prepp
Your Personal Exams Guide

23. ਜਨਮ ਸਾਖੀਆਂ ਵਿੱਚੋਂ ਸਭ ਤੋਂ ਛੋਟੇ ਆਕਾਰ ਵਾਲੀ ਜਨਮਸਾਖੀ ਕਿਹੜੀ ਹੈ ਅਤੇ ਉਸ ਵਿੱਚ ਕਿੰਨੀਆਂ ਸਾਖੀਆਂ ਦਰਜ ਹਨ ?
(1) ਭਾਈ ਬਾਲੇ ਵਾਲੀ ਜਨਮਸਾਖੀ, 27 ਸਾਖੀਆਂ
(2) ਪੁਰਾਤਨ ਜਨਮਸਾਖੀ, 57 ਸਾਖੀਆਂ
(3) ਹੰਦਾਲੀਆ ਵਾਲੀ ਜਨਮਸਾਖੀ, 54 ਸਾਖੀਆਂ
(4) ਸੋਢੀ ਮਿਹਰਬਾਨ ਵਾਲੀ ਜਨਮਸਾਖੀ, 59 ਸਾਖੀਆਂ
(5) ਅਨਉੱਤਰਿਤ ਪ੍ਰਸ਼ਨ

24. 'ਸਿੱਖਾਂ ਦੀ ਭਗਤ ਮਾਲਾ' ਭਾਈ ਗੁਰਦਾਸ ਜੀ ਦੀ ਕਿਸ ਵਾਰ ਤੇ ਆਧਾਰਿਤ ਹੈ ?
(1) ਪਹਿਲੀ (2) ਦਸਵੀਂ
(3) ਗਿਆਰ੍ਹਵੀਂ (4) ਵੀਹਵੀਂ
(5) ਅਨਉੱਤਰਿਤ ਪ੍ਰਸ਼ਨ

25. ਤੁਟੜੀਆ ਸਾ ਪ੍ਰੀਤਿ
ਜੋ ਲਾਈ ਬਿਅੰਨ ਸਿਉ
ਨਾਨਕ ਸਚੀ ਰੀਤਿ
ਸਾਈ ਸੇਤੀ ਰਤਿਆ ।
ਉਪਰੋਕਤ ਸ਼ਬਦ ਦੀ ਭਾਸ਼ਾ ਹੈ
(1) ਰੇਖਤਾ (2) ਸਹਸਕ੍ਰਿਤੀ
(3) ਲਹਿੰਦੀ (4) ਦੁਆਬੀ
(5) ਅਨਉੱਤਰਿਤ ਪ੍ਰਸ਼ਨ

26. ਭਾਈ ਗੁਰਦਾਸ ਰਚਿਤ ਕਬਿੱਤ ਅਤੇ ਸਵੱਈਆ ਦੀ ਭਾਸ਼ਾ ਹੈ
(1) ਲਹਿੰਦੀ (2) ਬ੍ਰਜ
(3) ਸਾਧੁਕੜੀ (4) ਮਾਝੀ
(5) ਅਨਉੱਤਰਿਤ ਪ੍ਰਸ਼ਨ

27. ਗੁਰੂ ਨਾਨਕ ਦੇਵ ਜੀ ਦੀਆਂ ਜਨਮ ਸਾਖੀਆਂ ਵਿੱਚ ਇੱਕ ਮਹੱਤਵਪੂਰਨ ਜਨਮ ਸਾਖੀ ਦਾ ਸੰਕੇਤਕ ਨਾਂ ਹੈ ?
(1) G-40 (2) PB-40
(3) P-40 (4) B-40
(5) ਅਨਉੱਤਰਿਤ ਪ੍ਰਸ਼ਨ

28. ਬਿਸ਼ਨਾ, ਮਾਘੀ ਅਤੇ ਭਗਤਾ ਗੁਰਦਿਆਲ ਸਿੰਘ ਦੇ ਕਿਸ ਨਾਵਲ ਦੇ ਮੁੱਖ ਪਾਤਰ ਹਨ ?
(1) ਅਣਹੋਏ
(2) ਅੱਧ-ਚਾਨਣੀ ਰਾਤ
(3) ਅੰਨ੍ਹੇ ਘੋੜੇ ਦਾ ਦਾਨ
(4) ਕੁਵੇਲਾ
(5) ਅਨਉੱਤਰਿਤ ਪ੍ਰਸ਼ਨ

29. ਇਹਨਾਂ ਵਿੱਚੋਂ ਰਾਗ ਮੁਕਤ ਬਾਣੀ ਕਿਹੜੀ ਹੈ ?
(1) ਅਸ਼ਟਪਦੀਆਂ (2) ਚਉਪਦੇ
(3) ਛੰਦ (4) ਫੁਨਹੇ ਮਹਲਾ 5
(5) ਅਨਉੱਤਰਿਤ ਪ੍ਰਸ਼ਨ

30. ਨਾਥ ਜੋਗੀਆਂ ਦੇ ਸਾਹਿਤ ਨੂੰ ਸਭ ਤੋਂ ਪਹਿਲਾਂ ਪੰਜਾਬੀ ਸਾਹਿਤ ਵਿੱਚ ਸਥਾਨ ਕਿਹੜੇ ਵਿਦਵਾਨ ਨੇ ਦਿੱਤਾ ?
(1) ਬਾਵਾ ਬੁੱਧ ਸਿੰਘ
(2) ਡਾ. ਰਾਧਾਕ੍ਰਿਸ਼ਨਣ
(3) ਡਾ. ਮੋਹਨ ਸਿੰਘ
(4) ਡਾ. ਭਾਈ ਜੋਧ ਸਿੰਘ
(5) ਅਨਉੱਤਰਿਤ ਪ੍ਰਸ਼ਨ

31. ਸ਼ੀਰੀ ਫਰਹਾਦ ਦੀ ਪਿਆਰ ਕਹਾਣੀ ਮੂਲ ਰੂਪ ਵਿਚ ਕਿਸ ਦੇਸ਼ ਦੀ ਹੈ ?
(1) ਇਰਾਕ (2) ਰੂਸ
(3) ਇਰਾਨ (4) ਅਰਬ
(5) ਅਨਉੱਤਰਿਤ ਪ੍ਰਸ਼ਨ

32. ਕਿਰਪਾਲ ਸਿੰਘ ਕਸੇਲ ਅਨੁਸਾਰ ਪੰਜਾਬੀ ਨਿਬੰਧ ਕਲਾ ਨੂੰ ਸ਼ਾਸਤਰੀ ਰੂਪ ਵਿੱਚ ਨਿਖਾਰਨ ਅਤੇ ਨਿਬੰਧ ਸ਼ੈਲੀ ਨੂੰ ਉਤਕ੍ਰਿਸ਼ਟਤਾ ਪ੍ਰਦਾਨ ਕਰਨ ਦਾ ਸਿਹਰਾ ਕਿਸ ਲਿਖਾਰੀ ਨੂੰ ਜਾਂਦਾ ਹੈ ?
(1) ਗੁਰਬਖ਼ਸ਼ ਸਿੰਘ ਪ੍ਰੀਤਲੜੀ
(2) ਪ੍ਰਿੰਸੀਪਲ ਤੇਜਾ ਸਿੰਘ
(3) ਪ੍ਰੋ. ਪੂਰਨ ਸਿੰਘ
(4) ਲਾਲ ਸਿੰਘ ਕਮਲਾ ਅਕਾਲੀ
(5) ਅਨਉੱਤਰਿਤ ਪ੍ਰਸ਼ਨ

33. ਨਕਸਲਬਾੜੀ ਲਹਿਰ ਦੀ ਪੇਸ਼ਕਾਰੀ ਜਸਵੰਤ ਸਿੰਘ ਕੰਵਲ ਦੇ ਕਿਸ ਨਾਵਲ ਵਿੱਚ ਹੋਈ ਹੈ ?
(1) ਸੱਚ ਨੂੰ ਫਾਂਸੀ
(2) ਤਾਰੀਖ ਵੇਖਦੀ ਹੈ
(3) ਐਨਿਆਂ 'ਚੋਂ ਉੱਠੋ ਸੂਰਮਾ
(4) ਲਹੂ ਦੀ ਲੋਅ
(5) ਅਨਉੱਤਰਿਤ ਪ੍ਰਸ਼ਨ



Prepp+ Subscription
Only ~~(₹999)~~ ₹249/year
500+ Exams | 1 Year Full Access | 50,000+ Mock tests | 10,000+ Pyp's
Unlock Your Success Today!
LIMITED TIME OFFER

Prepp
Your Personal Exams Guide

**34.** ਪੰਜਾਬੀ ਦੇ ਕਿਸ ਕਵੀ ਨੇ ਆਪਣੀਆਂ ਕਵਿਤਾਵਾਂ ਰਾਹੀਂ ਮਿੱਥ, ਲੀਜੰਡ ਤੇ ਲੋਕ ਕਥਾ ਨੂੰ ਇੱਕ ਮਿੱਕ ਕਰਨ ਦਾ ਸਫ਼ਲ ਪ੍ਰਯੋਗ ਕੀਤਾ ਅਤੇ ਪੰਜਾਬੀ ਲੋਕ ਕਥਾ ਦੇ ਨਾਇਕ ਰਾਂਝੇ ਨੂੰ 'ਸਤਿਗੁਰਾਂ ਦਾ ਸਿੱਖ' ਦੱਸਿਆ ?

(1) ਭਾਈ ਵੀਰ ਸਿੰਘ
(2) ਧਨੀ ਰਾਮ ਚਾਤ੍ਰਿਕ
(3) ਪ੍ਰੋ. ਪੂਰਨ ਸਿੰਘ
(4) ਸ਼ਿਵ ਕੁਮਾਰ
(5) ਅਨਉੱਤਰਿਤ ਪ੍ਰਸ਼ਨ

**35.** ਬੁੱਲ੍ਹੇ ਸ਼ਾਹ ਦਾ ਸੰਬੰਧ ਕਿਸ ਸੂਫ਼ੀ ਸੰਪਰਦਾਇ ਨਾਲ ਹੈ ?

(1) ਚਿਸ਼ਤੀ (2) ਸੁਹਰਾਵਰਦੀ
(3) ਨਕਸ਼ਬੰਦੀ (4) ਕਾਦਰੀ
(5) ਅਨਉੱਤਰਿਤ ਪ੍ਰਸ਼ਨ

**36.** ਨਰਿੰਦਰ ਸਿੰਘ ਕਪੂਰ ਰਚਿਤ ਸਫ਼ਰਨਾਮੇ ਦਾ ਨਾਂ ਕੀ ਹੈ ਅਤੇ ਇਹ ਲੇਖਕ ਦੁਆਰਾ ਕੀਤੇ ਗਏ ਕਿਸ ਦੇਸ਼ ਦੇ ਸਫ਼ਰ ਦਾ ਬਿਆਨ ਹੈ ?

(1) ਵਾਟਾਂ ਦੇਸੋਂ ਪਾਰ ਦੀਆਂ–ਵਲੈਤ ਦੀ ਸੈਰ
(2) ਸੱਚੋ ਸੱਚ–ਅਮਰੀਕਾ ਦੀ ਸੈਰ
(3) ਫੇਰੀ ਸਮੁੰਦਰੋਂ ਪਾਰ ਦੀ–ਅਮਰੀਕਾ ਦੀ ਸੈਰ
(4) ਪਾਤਾਲ ਦੀ ਧਰਤੀ–ਵਲੈਤ ਦੀ ਸੈਰ
(5) ਅਨਉੱਤਰਿਤ ਪ੍ਰਸ਼ਨ

**37.** ਹੇਠ ਲਿਖਿਆਂ ਵਿੱਚੋਂ ਕਿਸ ਲਿਖਾਰੀ ਦੀ ਵਾਰਤਕ ਵਧੇਰੇ ਜਜ਼ਬਾਤੀ ਤੇ ਅਲੰਕ੍ਰਿਤ ਹੈ ?

(1) ਭਾਈ ਸੰਤੋਖ ਸਿੰਘ
(2) ਪ੍ਰੋ. ਪੂਰਨ ਸਿੰਘ
(3) ਸ਼ਰਧਾ ਰਾਮ ਫਿਲੌਰੀ
(4) ਬਿਹਾਰੀ ਲਾਲ ਪੁਰੀ
(5) ਅਨਉੱਤਰਿਤ ਪ੍ਰਸ਼ਨ

**38.** ਬਾਵਾ ਬੁੱਧ ਸਿੰਘ ਦਾ ਪਹਿਲਾ ਪੰਜਾਬੀ ਨਾਟਕ 'ਚੰਦਰ ਹਰੀ' ਕਿਸ ਥੀਏਟਰ ਤੋਂ ਪ੍ਰਭਾਵਿਤ ਹੈ ?

(1) ਪਾਰਸੀ ਥੀਏਟਰ
(2) ਈਸਾਈ ਮਿਸ਼ਨਰੀ ਥੀਏਟਰ
(3) ਇੰਡੀਅਨ ਥੀਏਟਰ
(4) ਯੂਨਾਨੀ ਥੀਏਟਰ
(5) ਅਨਉੱਤਰਿਤ ਪ੍ਰਸ਼ਨ

**39.** "ਪਿੱਪਲ ਦੇ ਪੱਤਿਆ
ਕਿਹੀ ਖੜ ਖੜ ਲਾਈ ਆ
ਪੱਤ ਝੜੇ ਪੁਰਾਣੇ ਵੇ
ਹੁਣ ਰੁੱਤ ਨਵਿਆਂ ਦੀ ਆਈ ਆ"
ਕਿਹੜੇ ਪੰਜਾਬੀ ਨਾਟਕ ਦਾ ਅੰਤ ਇਹਨਾਂ ਬੋਲਾਂ ਨਾਲ ਹੁੰਦਾ ਹੈ ?

(1) ਕਮਲਾ ਕੁਮਾਰੀ
(2) ਹਾਏ ਨੀ ਧੀਏ ਮੋਰਨੀਏ
(3) ਸੁਭੱਦਰਾ
(4) ਤਪਿਆ ਕਿਉਂ ਖਪਿਆ
(5) ਅਨਉੱਤਰਿਤ ਪ੍ਰਸ਼ਨ

**40.** ਪੰਜਾਬੀ ਕਵੀ ਅਤੇ ਕਾਵਿ ਸੰਗ੍ਰਹਿਆਂ ਦਾ ਸਹੀ ਜੁੱਟ ਕਿਹੜਾ ਹੈ :

(1) ਭਾਈ ਵੀਰ ਸਿੰਘ–ਪ੍ਰੀਤ ਵੀਣਾ, ਪ੍ਰੀਤਮ ਸਿੰਘ ਸਫ਼ੀਰ–ਪਾਪ ਦੇ ਸੋਹਿਲੇ, ਸੋਹਨ ਸਿੰਘ ਮੀਸ਼ਾ–ਧੀਮੇ ਬੋਲ
(2) ਭਾਈ ਵੀਰ ਸਿੰਘ–ਕੰਬਦੀ ਕਲਾਈ, ਸੋਹਨ ਸਿੰਘ ਮੀਸ਼ਾ–ਆਦਿਮ ਨੀਰ, ਡਾ. ਪਾਲ ਕੌਰ–ਖਲਾਅਵਾਸੀ
(3) ਸੋਹਨ ਸਿੰਘ ਮੀਸ਼ਾ–ਪਾਪ ਦੇ ਸੋਹਿਲੇ, ਡਾ. ਪਾਲ ਕੌਰ–ਖਲਾਅਵਾਸੀ, ਹਰਿਭਜਨ ਸਿੰਘ–ਚੋਲਾ ਟਾਕੀਆਂ ਵਾਲਾ
(4) ਡਾ. ਪਾਲ ਕੌਰ–ਪੌਣ ਤੜਾਗੀ, ਹਰਿਭਜਨ ਸਿੰਘ–ਰਕਤ ਬੂੰਦਾਂ, ਧਨੀ ਰਾਮ ਚਾਤ੍ਰਿਕ–ਰਾਧਾ ਸੰਦੇਸ਼
(5) ਅਨਉੱਤਰਿਤ ਪ੍ਰਸ਼ਨ

**41.** ਆਧੁਨਿਕਤਾ ਲਈ ਜ਼ਮੀਨ ਤਿਆਰ ਕਰਨ ਅਤੇ ਤਜਰਬੇ ਕਰਨ ਵਾਲੇ ਕਵੀ ਹਨ :

(1) ਭਾਈ ਵੀਰ ਸਿੰਘ, ਪ੍ਰੋ. ਪੂਰਨ ਸਿੰਘ, ਧਨੀ ਰਾਮ ਚਾਤ੍ਰਿਕ, ਫ਼ਿਰੋਜ਼ਦੀਨ ਸ਼ਰਫ਼
(2) ਭਾਈ ਵੀਰ ਸਿੰਘ, ਸ਼ਿਵ ਕੁਮਾਰ, ਸੁਰਜੀਤ ਪਾਤਰ, ਜਗਤਾਰ
(3) ਮੋਹਨ ਸਿੰਘ, ਦੀਵਾਨ ਸਿੰਘ, ਅੰਮ੍ਰਿਤਾ, ਬਾਵਾ ਬਲਵੰਤ
(4) ਪੂਰਨ ਸਿੰਘ, ਦੀਵਾਨ ਸਿੰਘ, ਸ਼ਿਵ ਕੁਮਾਰ, ਜਗਤਾਰ
(5) ਅਨਉੱਤਰਿਤ ਪ੍ਰਸ਼ਨ



Prepp+ Subscription
Only (₹999) ₹249/year
500+ Exams | 1 Year Full Access | 50,000+ Mock tests | 10,000+ Pyp's
Unlock Your Success Today!
LIMITED TIME OFFER

Prepp
Your Personal Exams Guide

42. ਸਮਕਾਲੀ ਪੰਜਾਬੀ ਕਵਿਤਾ ਦਾ ਨਾਰੀਵਾਦੀ ਪ੍ਰਵਚਨ ਪੂਰਵਲੀ ਨਾਰੀ ਕਵਿਤਾ ਨਾਲੋਂ ਕਿਵੇਂ ਭਿੰਨ ਹੈ ?
(i) ਭਾਵੁਕਤਾ ਤੇ ਰੁਦਨ ਤੋਂ ਅਗਾਂਹ ਔਰਤ ਦੇ ਵਿਭਿੰਨ ਹੋਂਦਮੂਲਕ ਸਰੋਕਾਰਾਂ ਨਾਲ ਜੁੜਨ ਕਾਰਨ
(ii) ਰੁਮਾਂਟਿਕਤਾ ਤੇ ਭਾਵੁਕਤਾ ਤੋਂ ਅਗਾਂਹ ਨਾਰੀ ਦੀ ਸਮਾਜਿਕ ਸਥਿਤੀ ਪ੍ਰਤੀ ਰੁਦਨ ਅਭਿਵਿਅਕਤੀ ਕਾਰਨ
(iii) ਰੁਮਾਂਟਿਕਤਾ, ਭਾਵੁਕਤਾ ਤੇ ਰੁਦਨ ਤੋਂ ਅਗਾਂਹ ਨਾਰੀ ਸੰਘਰਸ਼ ਦਾ ਪ੍ਰਵਚਨ ਬਣਨ ਕਾਰਨ
(iv) ਰੁਮਾਂਟਿਕਤਾ ਤੇ ਰੁਦਨ ਤੋਂ ਅਗਾਂਹ ਔਰਤ ਦੀ ਆਰਥਿਕ ਸਥਿਤੀ ਦੇ ਭਾਵੁਕ ਪ੍ਰਗਟਾਵੇ ਕਾਰਨ
(1) (i) ਤੇ (iii) ਸਹੀ (2) (ii) ਤੇ (iv) ਸਹੀ
(3) (i) ਤੇ (ii) ਸਹੀ (4) (ii) ਤੇ (iii) ਸਹੀ
(5) ਅਨਉੱਤਰਿਤ ਪ੍ਰਸ਼ਨ

43. ਭਾਈ ਵੀਰ ਸਿੰਘ ਦੀ ਕਾਵਿ ਦ੍ਰਿਸ਼ਟੀ ਦਾ ਮੂਲ ਆਧਾਰ ਕੀ ਹੈ ?
(1) ਪੰਜਾਬੀਆਂ ਦੇ ਵਿਸ਼ਾਲ ਅਤੇ ਗੌਰਵਮਈ ਵਿਰਸੇ ਦੀ ਪੇਸ਼ਕਾਰੀ
(2) ਪ੍ਰਕਿਰਤੀ ਦੇ ਸੁਹਜ ਸੱਚ 'ਤੇ ਕਦੀਮੀ ਸਰੋਕਾਰਾਂ ਦੀ ਪੇਸ਼ਕਾਰੀ
(3) ਆਦਿਮ ਮਾਨਵੀ ਪ੍ਰਵਿਰਤੀਆਂ ਦੇ ਸੁਹਜ ਸਾਰ ਦੀ ਪੇਸ਼ਕਾਰੀ
(4) ਲੋਕ ਸੱਭਿਆਚਾਰ ਦੀ ਪੇਸ਼ਕਾਰੀ
(5) ਅਨਉੱਤਰਿਤ ਪ੍ਰਸ਼ਨ

44. ਪੰਜਾਬੀ ਦੇ ਪ੍ਰਯੋਗਵਾਦੀ ਕਵੀਆਂ ਦਾ ਸਹੀ ਜੁੱਟ ਕਿਹੜਾ ਹੈ ?
(1) ਗੁਲਵੰਤ ਫ਼ਾਰਗ, ਮੋਹਨਜੀਤ, ਅਵਤਾਰ ਪਾਸ਼, ਲਾਲ ਸਿੰਘ ਦਿਲ
(2) ਅਵਤਾਰ ਪਾਸ਼, ਲਾਲ ਸਿੰਘ ਦਿਲ, ਜਗਤਾਰਜੀਤ, ਰਵਿੰਦਰ ਰਵੀ
(3) ਰਵਿੰਦਰ ਰਵੀ, ਅਜਾਇਬ ਕਮਲ, ਗੁਲਵੰਤ ਫ਼ਾਰਗ, ਜਸਬੀਰ ਆਹਲੂਵਾਲੀਆ
(4) ਜਸਬੀਰ ਆਹਲੂਵਾਲੀਆ, ਦੀਵਾਨ ਸਿੰਘ, ਜਗਤਾਰਜੀਤ, ਗੁਲਵੰਤ ਫ਼ਾਰਗ
(5) ਅਨਉੱਤਰਿਤ ਪ੍ਰਸ਼ਨ

45. ਗੁਰੂ ਅਰਜਨ ਦੇਵ ਜੀ ਦੀਆਂ ਰਾਗਾਂ ਤੋਂ ਬਾਹਰ ਬਾਣੀਆਂ ਹਨ :
(1) ਰੁਤੀ ਤੇ ਥਿਤੀ (2) ਬਾਵਨ ਅੱਖਰੀ ਤੇ ਛੰਤ
(3) ਫੁਨਹੇ ਤੇ ਚਉਬੋਲੇ (4) ਦਿਨ ਰੈਣਿ ਤੇ ਛੰਤ
(5) ਅਨਉੱਤਰਿਤ ਪ੍ਰਸ਼ਨ

46. ਸ਼ਾਹ ਮਹੁੰਮਦ ਤੋਂ ਬਿਨਾਂ ਹੋਰ ਕਿਸ ਕਵੀ ਨੇ ਸਿੱਖਾਂ ਤੇ ਅੰਗਰੇਜ਼ਾਂ ਦੀਆਂ ਲੜਾਈਆਂ ਬਾਰੇ ਜੰਗਨਾਮਾ ਲਿਖਿਆ ?
(1) ਨਜਾਬਤ (2) ਭਗਵਾਨ ਸਿੰਘ
(3) ਮਟਕ (4) ਭਾਈ ਸੰਤੋਖ ਸਿੰਘ
(5) ਅਨਉੱਤਰਿਤ ਪ੍ਰਸ਼ਨ

47. ਪੰਜਾਬੀ ਦੇ ਮਾਰਕਸਵਾਦੀ ਚਿੰਤਕਾਂ ਨੇ ਕਿਸ ਕਵੀ ਨੂੰ ਸਿੱਖ ਮੱਤ ਦੇ ਆਧੁਨਿਕ ਯੁੱਗ ਦਾ ਮੱਧਵਰਗੀ ਵਿਆਖਿਆਕਾਰ ਕਿਹਾ ਹੈ ?
(1) ਨਵਤੇਜ ਭਾਰਤੀ (2) ਭਾਈ ਵੀਰ ਸਿੰਘ
(3) ਫਿਰੋਜ਼ਦੀਨ ਸ਼ਰਫ਼ (4) ਹਰਿਭਜਨ ਸਿੰਘ
(5) ਅਨਉੱਤਰਿਤ ਪ੍ਰਸ਼ਨ

48. ਬਲਰਾਜ ਸਾਹਨੀ ਦੀ ਰਚਨਾ ਹੈ
(1) ਜ਼ਿੰਦਗੀ ਦੇ ਸਿਰਨਾਵੇਂ
(2) ਭਰ ਵਗਦੇ ਦਰਿਆ
(3) ਚੋਲਾ ਟਾਕੀਆਂ ਵਾਲਾ
(4) ਮੇਰੀ ਗ਼ੈਰ ਜਜ਼ਬਾਤੀ ਡਾਇਰੀ
(5) ਅਨਉੱਤਰਿਤ ਪ੍ਰਸ਼ਨ

49. ਪੰਜਾਬੀ ਨਾਟਕ ਦੇ ਮੁੱਢਲੇ ਦੌਰ ਵਿਚ ਲਿਖਿਆ ਕਿਰਪਾ ਸਾਗਰ ਦਾ ਨਾਟਕ ਕਿਹੜਾ ਹੈ ?
(1) ਨਾਰ ਨਵੇਲੀ (2) ਸੁਕੰਨਿਆ
(3) ਰਾਜਾ ਲੱਖਦਾਤਾ ਸਿੰਘ (4) ਡੀਡੋ ਜਮਵਾਲ
(5) ਅਨਉੱਤਰਿਤ ਪ੍ਰਸ਼ਨ

50. ਪੰਜਾਬੀ ਵਿੱਚ ਕ੍ਰਾਂਤੀਕਾਰੀ ਭਾਵ ਬੋਧ ਨੂੰ ਪੇਸ਼ ਕਰਨ ਵਾਲੀ ਕਾਵਿ ਧਾਰਾ ਨਾਲ ਸੰਬੰਧਿਤ ਕਵੀਆਂ ਦਾ ਜੁੱਟ ਹੈ :
(1) ਅਵਤਾਰ ਪਾਸ਼, ਡਾ. ਜਗਤਾਰ, ਲਾਲ ਸਿੰਘ ਦਿਲ, ਸੰਤ ਰਾਮ ਉਦਾਸੀ
(2) ਰਵਿੰਦਰ ਰਵੀ, ਅਵਤਾਰ ਪਾਸ਼, ਲਾਲ ਸਿੰਘ ਦਿਲ, ਬਾਵਾ ਬਲਵੰਤ
(3) ਲਾਲ ਸਿੰਘ ਦਿਲ, ਦੀਵਾਨ ਸਿੰਘ, ਬਾਵਾ ਬਲਵੰਤ, ਜਗਤਾਰ
(4) ਸੁਰਜੀਤ ਪਾਤਰ, ਗੁਰਭਜਨ ਗਿੱਲ, ਅਮਰਜੀਤ ਚੰਦਨ, ਜਸਬੀਰ ਸਿੰਘ ਆਹਲੂਵਾਲੀਆ
(5) ਅਨਉੱਤਰਿਤ ਪ੍ਰਸ਼ਨ


Prepp+ Subscription
Only (₹999) ₹249/year
500+ Exams | 1 Year Full Access | 50,000+ Mock tests | 10,000+ Pyp's
Unlock Your Success Today!
LIMITED TIME OFFER

Prepp
Your Personal Exams Guide

51. 'ਪੰਜਾਬੀ ਜੰਞਾਂ' ਪੁਸਤਕ ਦਾ ਸੰਪਾਦਕ ਹੈ ?
(1) ਪਿੰ. ਤੇਜਾ ਸਿੰਘ
(2) ਮੋਹਨ ਸਿੰਘ ਦੀਵਾਨਾ
(3) ਪਿਆਰਾ ਸਿੰਘ ਪਦਮ
(4) ਬਾਵਾ ਬੁੱਧ ਸਿੰਘ
(5) ਅਨਉੱਤਰਿਤ ਪ੍ਰਸ਼ਨ

52. 'ਰੰਗ-ਮੰਚ' ਪੁਸਤਕ ਕਿਸ ਦੀ ਲਿਖੀ ਹੋਈ ਹੈ ?
(1) ਪਾਲੀ ਭੁਪਿੰਦਰ (2) ਬਲਵੰਤ ਗਾਰਗੀ
(3) ਸੰਤ ਸਿੰਘ ਸੇਖੋਂ (4) ਆਈ.ਸੀ.ਨੰਦਾ
(5) ਅਨਉੱਤਰਿਤ ਪ੍ਰਸ਼ਨ

53. ਸੋਹਣ ਸਿੰਘ ਸੀਤਲ ਦੇ ਕਿਸ ਨਾਵਲ ਨੂੰ ਭਾਰਤੀ ਸਾਹਿਤ ਅਕਾਦਮੀ ਦਾ ਇਨਾਮ ਪ੍ਰਾਪਤ ਹੋਇਆ ?
(1) ਤੂਤਾਂ ਵਾਲਾ ਖੂਹ (2) ਜੁੱਗ ਬਦਲ ਗਿਆ
(3) ਜੰਗ ਜਾਂ ਅਮਨ (4) ਈਚੋਗਿਲ ਨਹਿਰ ਤੱਕ
(5) ਅਨਉੱਤਰਿਤ ਪ੍ਰਸ਼ਨ

54. ਕਹਾਣੀ ਸੰਗ੍ਰਹਿ ਅਤੇ ਕਹਾਣੀਕਾਰ ਦਾ ਸਹੀ ਜੁੱਟ ਕਿਹੜਾ ਹੈ ?
(1) ਆਸ ਦਾ ਜਨਮ-ਸੰਤ ਸਿੰਘ ਸੇਖੋਂ
(2) ਨਰ ਤੇ ਪਸ਼ੂ-ਸੁਜਾਨ ਸਿੰਘ
(3) ਸਾਬਣ ਦੀ ਚਿੱਪਰ-ਕੁਲਵੰਤ ਸਿੰਘ ਵਿਰਕ
(4) ਸਵੇਰ ਹੋਣ ਤੱਕ-ਸੰਤੋਖ ਸਿੰਘ ਧੀਰ
(5) ਅਨਉੱਤਰਿਤ ਪ੍ਰਸ਼ਨ

55.

| | ਸੂਚੀ – I | | ਸੂਚੀ – II |
|---|---|---|---|
| a. | ਜੰਗ ਜਾਂ ਅਮਨ | i. | ਦਲੀਪ ਕੌਰ ਟਿਵਾਣਾ |
| b. | ਐਰ ਵੈਰ ਮਿਲਦਿਆਂ | ii. | ਸੁਰਿੰਦਰ ਸਿੰਘ ਨਰੂਲਾ |
| c. | ਰੰਗ ਮਹੱਲ | iii. | ਗੁਰਦਿਆਲ ਸਿੰਘ |
| d. | ਪਰਸਾ | iv. | ਸੋਹਣ ਸਿੰਘ ਸੀਤਲ |

ਉਪਰੋਕਤ ਦਾ ਸਹੀ ਮਿਲਾਨ ਹੈ :

| | a | b | c | d |
|---|---|---|---|---|
| (1) | ii | iv | i | iii |
| (2) | iv | i | ii | iii |
| (3) | iv | ii | iii | i |
| (4) | iii | iv | ii | i |

(5) ਅਨਉੱਤਰਿਤ ਪ੍ਰਸ਼ਨ

56. ਨਿੱਕੀ ਕਹਾਣੀ ਦੇ ਮੂਲ ਲੱਛਣ ਹਨ :
(1) ਅਸਾਧਰਣ ਵਿਸ਼ਾ, ਅਸਚਰਜਮਈ ਆਰੰਭ, ਨਾਟਕੀ ਅੰਤ
(2) ਨਾਟਕੀ ਆਰੰਭ, ਤਿੱਖਾ ਵੇਗ, ਸੁਝਾਊ ਸਿਖ਼ਰ
(3) ਪ੍ਰਭਾਵ ਦੀ ਇਕਾਗਰਤਾ, ਰੁਮਾਂਟਿਕ ਵਾਤਾਵਰਣ, ਛੋਟਾ ਆਕਾਰ
(4) ਬਹੁਪਾਸਾਰਤਾ, ਨਾਟਕੀ ਅੰਤ, ਸਥਿਤੀਆਂ ਦਾ ਜੋੜ
(5) ਅਨਉੱਤਰਿਤ ਪ੍ਰਸ਼ਨ

57. ਪ੍ਰੇਮ ਪ੍ਰਕਾਸ਼ ਦੇ ਕਹਾਣੀ ਸੰਗ੍ਰਹਿਆਂ ਦਾ ਸਹੀ ਜੁੱਟ ਹੈ :
(1) ਮੁਕਤੀ, ਦਸਤਾਵੇਜ਼, ਰੰਗਮੰਚ ਤੇ ਭਿਕਸ਼ੂ, ਸੁਤਾ ਨਾਗ
(2) ਕਚਕੜੇ, ਨਮਾਜ਼ੀ, ਮੁਕਤੀ, ਸ਼ਵੇਤਾਂਬਰ ਨੇ ਕਿਹਾ ਸੀ
(3) ਸ਼ਵੇਤਾਂਬਰ ਨੇ ਕਿਹਾ ਸੀ, ਦਸਤਾਵੇਜ਼, ਨਮਾਜ਼ੀ, ਕਾਲਿੰਗਾ
(4) ਮੁਕਤੀ, ਨਮਾਜ਼ੀ, ਤਾਰਿਆਂ ਦੇ ਪੈਰ ਚਿਤਰ, ਸੋਨੇ ਦੀ ਇੱਟ
(5) ਅਨਉੱਤਰਿਤ ਪ੍ਰਸ਼ਨ

58. 'ਕੱਤਕ ਕੂੰਜਾਂ' ਨੂੰ ਸਮੇਂ ਦਾ ਪ੍ਰਤੀਕ ਬਣਾ ਕੇ ਇਨਕਲਾਬ ਦਾ ਸੁਨੇਹਾ ਕਿਸ ਕਵੀ ਨੇ ਦਿੱਤਾ ਹੈ ?
(1) ਬਾਵਾ ਬਲਵੰਤ (2) ਸੁਰਜੀਤ ਪਾਤਰ
(3) ਪਾਸ਼ (4) ਪ੍ਰੀਤਮ ਸਿੰਘ ਸਫ਼ੀਰ
(5) ਅਨਉੱਤਰਿਤ ਪ੍ਰਸ਼ਨ

59. 'ਸਿੱਖਾਂ ਦੀ ਭਗਤਮਾਲਾ' ਵਾਰਤਕ ਰਚਨਾ ਦੀ ਪਹਿਲੀ ਸੰਪਾਦਨਾ ਕਿਸ ਨੇ ਕੀਤੀ ?
(1) ਭਾਈ ਮੋਹਨ ਸਿੰਘ ਵੈਦ
(2) ਭਾਈ ਕਾਨ੍ਹ ਸਿੰਘ ਨਾਭਾ
(3) ਪ੍ਰੋ. ਪੂਰਨ ਸਿੰਘ
(4) ਭਾਈ ਵੀਰ ਸਿੰਘ
(5) ਅਨਉੱਤਰਿਤ ਪ੍ਰਸ਼ਨ

60. ਕਿੱਸਾ ਲੈਲਾ ਮਜਨੂੰ ਵਿਚਲੇ ਮਜਨੂੰ ਦਾ ਅਸਲ ਨਾਂ ਕੀ ਸੀ ?
(1) ਅਬਦੁਲ (2) ਸਾਦਿਕ
(3) ਕੈਸ (4) ਮਿਰਜ਼ਾ ਇੱਜਤ ਬੇਗ
(5) ਅਨਉੱਤਰਿਤ ਪ੍ਰਸ਼ਨ

61. ਕੁਲਵੰਤ ਸਿੰਘ ਵਿਰਕ ਦੀਆਂ ਕਹਾਣੀਆਂ ਵਿੱਚ ਕਿਸ ਤਰ੍ਹਾਂ ਦੇ ਮਨੁੱਖ ਦੀ ਪੇਸ਼ਕਾਰੀ ਹੋਈ ਹੈ ?
(1) ਸ਼ੋਸ਼ਿਤ (2) ਵਿਸ਼ਾਦਗ੍ਰਸਤ
(3) ਸਾਧਾਰਨ (4) ਆਦਰਸ਼ਕ
(5) ਅਨਉੱਤਰਿਤ ਪ੍ਰਸ਼ਨ



Prepp+ Subscription
Only (₹999) ₹249/year
500+ Exams | 1 Year Full Access | 50,000+ Mock tests | 10,000+ Pyp's
Unlock Your Success Today!
LIMITED TIME OFFER

Prepp
Your Personal Exams Guide

62. ਮੱਧਕਾਲ ਵਿੱਚ ਬੀਰ ਰਸੀ ਸਾਹਿਤ ਦੀ ਉਪਜ ਦੇ ਵਿਸੇਸ਼ ਕੇਂਦਰ ਰਹੇ ਹਨ :
(1) ਰਾਜਸਥਾਨ ਤੇ ਗੁਜਰਾਤ
(2) ਪੰਜਾਬ ਤੇ ਰਾਜਸਥਾਨ
(3) ਪੰਜਾਬ ਤੇ ਜੰਮੂ ਕਸ਼ਮੀਰ
(4) ਜੰਮੂ ਕਸ਼ਮੀਰ ਤੇ ਰਾਜਸਥਾਨ
(5) ਅਨਉੱਤਰਿਤ ਪ੍ਰਸ਼ਨ

63. ਕਰਨਲ ਨਰਿੰਦਰ ਪਾਲ ਸਿੰਘ ਦਾ ਕਿਹੜਾ ਨਾਵਲ ਸਿੱਖ ਇਤਿਹਾਸ ਨਾਲ ਸੰਬੰਧਿਤ ਹੈ
(1) ਏਤ ਮਾਰਗ ਜਾਣਾ
(2) ਬਾਮੁਲਾਹਜ਼ਾ ਹੋਸ਼ਿਆਰ
(3) ਸ਼ਕਤੀ
(4) ਇੱਕ ਰਾਹ ਇੱਕ ਪੜਾਅ
(5) ਅਨਉੱਤਰਿਤ ਪ੍ਰਸ਼ਨ

64. ਪੁਰਾਤਨ ਪੰਜਾਬੀ ਵਾਰਤਕ ਰੂਪ 'ਪਰਚੀ' ਦਾ ਮੂਲ ਸ਼ਬਦ ਰੂਪ ਹੈ
(1) ਪਰਿਚਯ (2) ਸੂਚਨਾ
(3) ਸੁਨੇਹਾ (4) ਚਿੱਠੀ
(5) ਅਨਉੱਤਰਿਤ ਪ੍ਰਸ਼ਨ

65. ਸਾਹਿਤ ਇਤਿਹਾਸ ਵਿੱਚ ਤੱਥਾਂ ਦੇ ਨਿਰਧਾਰਨ ਲਈ ਕਿਹੜੇ ਤਿੰਨ ਪ੍ਰਕਾਰ ਦੇ ਪ੍ਰਮਾਣਾਂ ਦੀ ਲੋੜ ਪੈਂਦੀ ਹੈ ?
(1) ਪੁਸਤਕੀ ਪ੍ਰਮਾਣ, ਬਾਹਿਯ ਪ੍ਰਮਾਣ, ਅੰਤਰੰਗ ਪ੍ਰਮਾਣ
(2) ਪਰਿਵਰਤਨ ਪ੍ਰਮਾਣ, ਇਤਿਹਾਸਕ ਪ੍ਰਮਾਣ, ਕਾਲ ਪ੍ਰਮਾਣ
(3) ਪੁਸਤਕਾਲਯ ਪ੍ਰਮਾਣ, ਬਿਬਲਿਓਗ੍ਰਾਫ਼ੀਕਲ ਪ੍ਰਮਾਣ, ਖੇਤਰੀ ਕਾਰਜ
(4) ਖੇਤਰੀ ਕਾਰਜ, ਮੁਲਾਕਾਤਾਂ, ਇਤਿਹਾਸਕ ਪ੍ਰਮਾਣ
(5) ਅਨਉੱਤਰਿਤ ਪ੍ਰਸ਼ਨ

66. ਆਤਮਜੀਤ ਦੇ ਕਿਸ ਨਾਟਕ ਨੂੰ ਸਆਦਤ ਹਸਨ ਮੰਟੋ ਦੀ ਕਹਾਣੀ ਟੋਬਾ ਟੇਕ ਸਿੰਘ ਦਾ ਨਾਟਕੀ ਰੁਪਾਂਤ੍ਰਣ ਮੰਨਿਆ ਗਿਆ ?
(1) ਲੋਕਨਾਥ ਅਕਲਮੰਦ
(2) ਦਾਇਰਾ
(3) ਰਿਸ਼ਤਿਆਂ ਦਾ ਕੀ ਰੱਖੀਏ ਨਾਂ
(4) ਚਾਬੀਆਂ
(5) ਅਨਉੱਤਰਿਤ ਪ੍ਰਸ਼ਨ

67. ਪੰਜਾਬੀ ਨਾਟਕ ਨੂੰ ਨੁੱਕੜ ਨਾਟਕ ਸ਼ੈਲੀ ਵਿੱਚ ਪਿੰਡਾਂ ਦੀ ਆਮ ਜਨਤਾ ਤੱਕ ਪਹੁੰਚਾਉਣ ਦੀ ਵੱਡੀ ਭੂਮਿਕਾ ਕਿਸ ਦੀ ਹੈ
(1) ਗੁਰਸ਼ਰਨ ਸਿੰਘ (2) ਅਜਮੇਰ ਔਲਖ
(3) ਪਾਲੀ ਭੁਪਿੰਦਰ (4) ਹਰਚਰਨ ਸਿੰਘ
(5) ਅਨਉੱਤਰਿਤ ਪ੍ਰਸ਼ਨ

68. ਹੇਠ ਲਿਖਿਆਂ ਵਿੱਚੋਂ ਕਿਹੜਾ ਤੱਤ ਡਾ. ਕਰਨੈਲ ਸਿੰਘ ਥਿੰਦ ਦੁਆਰਾ ਦਰਸਾਏ ਲੋਕਧਾਰਾਈ ਤੱਤਾਂ ਵਿੱਚ ਸ਼ਾਮਿਲ ਨਹੀਂ ?
(1) ਪਰੰਪਰਾ (2) ਪਰਬੀਨਤਾ
(3) ਲੋਕ ਸੰਸਕ੍ਰਿਤੀ (4) ਲੋਕ ਮਾਨਸ
(5) ਅਨਉੱਤਰਿਤ ਪ੍ਰਸ਼ਨ

69. ਡਾ. ਭੁਪਿੰਦਰ ਸਿੰਘ ਖਹਿਰਾ ਨੇ ਲੋਕਧਾਰਾ ਦੇ ਸਹਿਜ ਸੰਚਾਰ ਦੇ ਜੋ ਮਾਧਿਅਮ ਦੱਸੇ ਹਨ ਉਹਨਾ ਦਾ ਸਹੀ ਜੁੱਟ ਹੈ
(1) ਮੌਖਿਕਤਾ, ਮੁਦਰਾਵਾਂ, ਕਸੀਦਾਕਾਰੀ, ਅਨੁਕਰਨ
(2) ਕਸੀਦਾਕਾਰੀ, ਅਨੁਕਰਨ, ਲੋਕਮਨ, ਲੋਕ ਸੱਭਿਆਚਾਰ
(3) ਲੋਕਮਨ, ਲੋਕ ਸੱਭਿਆਚਾਰ, ਪਰੰਪਰਾ, ਸਹਿਮਤੀ
(4) ਪਰੰਪਰਾ, ਸਹਿਮਤੀ, ਮੁਦਰਾਵਾਂ, ਲੋਕਮਨ
(5) ਅਨਉੱਤਰਿਤ ਪ੍ਰਸ਼ਨ

70. ਕਿਸ ਲੋਕਧਾਰਾ ਸ਼ਾਸਤਰੀ ਨੇ ਲੋਕਧਾਰਾ ਦੇ ਵਰਗੀਕਰਨ ਲਈ ਤਿੰਨ ਆਧਾਰਾਂ-ਸੰਰਚਨਾਤਮਿਕ, ਕਾਰਜਾਤਮਿਕ ਅਤੇ ਸੰਚਾਰਤਮਿਕ ਨੂੰ ਆਧਾਰ ਬਣਾਇਆ ਹੈ ?
(1) ਜੀਤ ਸਿੰਘ ਜੋਸ਼ੀ
(2) ਸੁਹਿੰਦਰ ਸਿੰਘ ਵਣਜਾਰਾ ਬੇਦੀ
(3) ਭੁਪਿੰਦਰ ਸਿੰਘ ਖਹਿਰਾ
(4) ਕਰਨੈਲ ਸਿੰਘ ਥਿੰਦ
(5) ਅਨਉੱਤਰਿਤ ਪ੍ਰਸ਼ਨ

71. ਪੰਜਾਬੀ ਨਾਟਕ ਦੀ ਨੱਕੜ ਦਾਦੀ ਸ੍ਰੀ ਮਤੀ ਨੌਰ੍ਹਾ ਰਿਚਰਡਜ਼ ਦੁਆਰਾ ਸਥਾਪਤ ਰੰਗਮੰਚ ਸੁਸਾਇਟੀ ਦਾ ਨਾਂ ਕੀ ਹੈ ?
(1) ਲਾਹੌਰ ਸਟੇਜ ਸੁਸਾਇਟੀ
(2) ਪੰਜਾਬ ਰੰਗਮੰਚ ਸਭਾ
(3) ਪਾਰਸੀ ਸਟੇਜ ਸੁਸਾਇਟੀ
(4) ਸਰਸਵਤੀ ਸਟੇਜ ਸੁਸਾਇਟੀ
(5) ਅਨਉੱਤਰਿਤ ਪ੍ਰਸ਼ਨ


Prepp+ Subscription
Only ~~(₹999)~~ ₹249/year
500+ Exams | 1 Year Full Access | 50,000+ Mock tests | 10,000+ Pyp's
Unlock Your Success Today!
LIMITED TIME OFFER

Prepp
Your Personal Exams Guide

72. ਵਣਜਾਰਾ ਬੇਦੀ ਅਨੁਸਾਰ ਲੋਕਧਾਰਾ ਅਸਲ ਵਿੱਚ ਕਿਸ ਨੂੰ ਪ੍ਰਤੀਬਿੰਬਤ ਕਰਦੀ ਹੈ ?
(1) ਲੋਕ ਸੰਸਕ੍ਰਿਤੀ ਨੂੰ (2) ਲੋਕ ਧਰਮ ਨੂੰ
(3) ਲੋਕ ਨਾਚ ਨੂੰ (4) ਲੋਕ ਚਿਕਿਤਸਾ ਨੂੰ
(5) ਅਨਉੱਤਰਿਤ ਪ੍ਰਸ਼ਨ

73. ਹੇਠ ਲਿਖਿਆਂ ਵਿੱਚੋਂ ਕਿਹੜਾ ਲੋਕਧਾਰਾ ਵਿਗਿਆਨ ਦੇ ਮੁੱਖ ਪ੍ਰਯੋਜਨ ਵਿੱਚ ਸ਼ਾਮਿਲ ਨਹੀਂ ?
(1) ਲੋਕਧਾਰਾਈ ਸਮੱਗਰੀ ਦਾ ਇਕੱਤਰੀਕਰਨ ਅਤੇ ਸੰਕਲਨ
(2) ਲੋਕਧਾਰਾਈ ਸਮੱਗਰੀ ਦਾ ਵਰਗੀਕਰਨ
(3) ਲੋਕਧਾਰਾਈ ਸਮੱਗਰੀ ਦਾ ਵਿਗਿਆਨਕ ਅਤੇ ਤਰਕਸ਼ੀਲ ਵਿਸ਼ਲੇਸ਼ਣ
(4) ਲੋਕਧਾਰਾਈ ਸਮੱਗਰੀ ਦੀ ਸਿਰਜਣਾ
(5) ਅਨਉੱਤਰਿਤ ਪ੍ਰਸ਼ਨ

74. ਜਾਦੂ, ਟੂਣੇ ਟੋਟਕੇ ਅਤੇ ਜੰਤਰ ਮੰਤਰ ਹਿੱਸਾ ਹਨ :
(1) ਲੋਕ ਗ੍ਰੰਥ ਦਾ (2) ਲੋਕ ਵਿਸ਼ਵਾਸ ਦਾ
(3) ਲੋਕ ਮੁਕਤੀ ਦਾ (4) ਲੋਕ ਵੇਗ ਦਾ
(5) ਅਨਉੱਤਰਿਤ ਪ੍ਰਸ਼ਨ

75. ਬੰਦ ਰੂਪ ਵਿਧਾਨ ਵਾਲੇ ਕਾਵਿ ਰੂਪਾਂ ਦਾ ਸਹੀ ਜੁੱਟ ਕਿਹੜਾ ਹੈ ?
(1) ਕੀਰਨਾ, ਹੇਅਰਾ, ਬੁਝਾਰਤ
(2) ਬੁਝਾਰਤ, ਮੁਹਾਵਰਾ, ਦੋਹੜਾ
(3) ਦੋਹੜਾ, ਸਿੱਠਣੀ, ਅਲਾਹੁਣੀ
(4) ਲੰਮੇ ਮਲਵਈ ਲੋਕ ਗੀਤ, ਬੁਝਾਰਤ, ਛੰਦ ਪਰਾਗਾ
(5) ਅਨਉੱਤਰਿਤ ਪ੍ਰਸ਼ਨ

76. 'ਫਡੂਹੇ' ਦਾ ਸੰਬੰਧ ਹੈ :
(1) ਗਿੱਧੇ ਨਾਲ
(2) ਭੰਗੜੇ ਨਾਲ
(3) ਮਲਵਈ ਗੀਤਾਂ ਨਾਲ
(4) ਮਰਨ ਦੀ ਰਸਮ ਨਾਲ
(5) ਅਨਉੱਤਰਿਤ ਪ੍ਰਸ਼ਨ

77. ਪਰਾ ਕਲਪਨਾ, ਆਤਮਸ਼ੀਲ ਚਿੰਤਨ, ਟੂਣਾ ਚਿੰਤਨ ਅਤੇ ਅਨੁਸ਼ਠਾਨ ਚਿੰਤਨ ਸ਼੍ਰੇਣੀਆਂ ਹਨ
(1) ਲੋਕਧਾਰਾ ਦੀਆਂ
(2) ਲੋਕ ਮਨ ਦੀਆਂ
(3) ਲੋਕ ਸੱਭਿਆਚਾਰ ਦੀਆਂ
(4) ਲੋਕ ਧਰਮ ਦੀਆਂ
(5) ਅਨਉੱਤਰਿਤ ਪ੍ਰਸ਼ਨ

78. ਟਿੱਪਰੀ ਜਾਂ ਡੰਡਾਸ ਨਾਚ ਦਾ ਸੰਬੰਧ ਕਿਸ ਨਾਲ ਹੈ
(1) ਮਾਲਵੇ ਦੇ ਬਾਜੀਗਰ ਕਬੀਲੇ ਨਾਲ
(2) ਸਾਂਦਲਬਾਰ ਦੇ ਮਰਦਾਂ ਨਾਲ
(3) ਪੱਛਮੀ ਪੰਜਾਬ ਦੀਆਂ ਔਰਤਾਂ ਨਾਲ
(4) ਛੋਟੀ ਉਮਰ ਦੀਆਂ ਕੁੜੀਆਂ ਨਾਲ
(5) ਅਨਉੱਤਰਿਤ ਪ੍ਰਸ਼ਨ

79. ਡਾ. ਨਾਹਰ ਸਿੰਘ ਅਨੁਸਾਰ ਲੋਕਗੀਤ ਦੇ ਰੂਪਗਤ ਲੱਛਣ ਹਨ :
(1) ਲੋਕ ਦਾਇਰੇ ਦੀ ਉਪਜ, ਦਾਇਰੇ ਦਾ ਬੇਬਾਕ ਤੇ ਨਿਸ਼ੰਗ ਪ੍ਰਗਟਾਵਾ
(2) ਪ੍ਰਗੀਤਕ, ਲੈਅ ਤੇ ਤਾਲ ਦੀ ਹੱਦ, ਅਨਿਸ਼ਚਿਤ ਦੁਹਰਾਅ ਵਿਧੀਆਂ
(3) ਬਣਤਰ ਕਠੋਰ, ਪੁਨਰ ਸਿਰਜਣਾ ਸੰਭਵ ਨਹੀਂ
(4) ਛੋਟਾ ਆਕਾਰ, ਗਤੀਸ਼ੀਲ ਪਾਠ, ਅਨਿਸ਼ਚਿਤ ਦੁਹਰਾਓ ਵਿਧੀਆਂ
(5) ਅਨਉੱਤਰਿਤ ਪ੍ਰਸ਼ਨ

80. ਡਾ. ਭੁਪਿੰਦਰ ਸਿੰਘ ਖਹਿਰਾ ਨੇ ਮਿਥਿਕ ਕਥਾ/ਲੋਕ ਕਥਾ ਦੀ ਰੂਪਕੀ ਵੰਡ ਅਧੀਨ ਦ੍ਰਿਸ਼ਟਾਂਤਰ ਰੂਪ ਅਧੀਨ ਕਿਹੜੇ ਰੂਪਾਂ ਨੂੰ ਰੱਖਿਆ ਹੈ ?
(1) ਜਨੌਰ ਕਥਾਵਾਂ, ਦੇਵ ਕਥਾਵਾਂ
(2) ਦੰਦ ਕਥਾ, ਲੋਕ ਕਹਾਣੀ
(3) ਲੋਕ ਕਹਾਣੀ, ਪਰੀ ਕਹਾਣੀ, ਪ੍ਰੇਤ ਕਹਾਣੀ
(4) ਬਚਨ, ਸੁਖਨ, ਮਹਾਤਮ
(5) ਅਨਉੱਤਰਿਤ ਪ੍ਰਸ਼ਨ

81. ਪਿੰਡ ਵਿੱਚ ਸੀਰ ਅਤੇ ਕਾਮਿਆਂ ਦਾ ਸਾਲ ਕਿਸ ਤਿੱਥ ਤੋਂ ਸ਼ੁਰੂ ਹੁੰਦਾ ਹੈ ?
(1) ਵਿਸਾਖੀ (2) ਨਿਰਜਲਾ ਇਕਾਦਸ਼ੀ
(3) ਗੁੱਗਾ ਨੌਮੀ (4) ਦੀਵਾਲੀ
(5) ਅਨਉੱਤਰਿਤ ਪ੍ਰਸ਼ਨ

82. ਪੰਜਾਬੀ ਸੱਭਿਆਚਾਰ ਵਿੱਚ ਤਵੀਤ ਦਾ ਪ੍ਰਵੇਸ਼ ਕਿਸ ਪਰੰਪਰਾ ਵਿੱਚੋਂ ਹੋਇਆ ?
(1) ਯੂਰਪੀਅਨ (2) ਹਿੰਦੂ
(3) ਸੈਮਟਿਕ (4) ਆਰੀਅਨ
(5) ਅਨਉੱਤਰਿਤ ਪ੍ਰਸ਼ਨ

83. 'ਗਦੌੜਾ' ਫੇਰਨ ਦੀ ਰਸਮ ਦਾ ਸੰਬੰਧ ਹੈ
(1) ਜਨਮ ਨਾਲ (2) ਵਿਆਹ ਨਾਲ
(3) ਮੌਤ ਨਾਲ (4) ਛੁਆਰਾ ਲੱਗਣ ਸਮੇਂ
(5) ਅਨਉੱਤਰਿਤ ਪ੍ਰਸ਼ਨ


Prepp+ Subscription
Only ~~(₹999)~~ ₹249/year
500+ Exams | 1 Year Full Access | 50,000+ Mock tests | 10,000+ Pyp's
Unlock Your Success Today!
LIMITED TIME OFFER

Prepp
Your Personal Exams Guide

84. ਸਭ ਤੋਂ ਸਸਤੀ ਤੇ ਘਟੀਆ ਕਢਾਈ ਵਾਲੀ ਫੁਲਕਾਰੀ ਨੂੰ ਕੀ ਕਹਿੰਦੇ ਹਨ ?
(1) ਚੋਪ (2) ਸੱਬਰ
(3) ਤਿਲ ਪੱਤਰਾ (4) ਨੀਲਕ
(5) ਅਨਉੱਤਰਿਤ ਪ੍ਰਸ਼ਨ

85. ਮਾਹੀਆ ਕਿਸ ਰਾਗ ਵਿੱਚ ਗਾਇਆ ਜਾਂਦਾ ਹੈ ?
(1) ਪਹਾੜੀ (2) ਆਸਾਵਰੀ
(3) ਸਿੰਧੜਾ (4) ਸ਼ੁੱਧ ਭੈਰਵੀ
(5) ਅਨਉੱਤਰਿਤ ਪ੍ਰਸ਼ਨ

86. ਸੰਗੀਤ ਅਚਾਰੀਆਂ ਦੁਆਰਾ ਕੀਤੀ ਲੋਕ ਸਾਜਾਂ ਦੀ ਵੰਡ ਅਨੁਸਾਰ ਕਿਹੜੇ ਸਾਜ ਘਣ ਸਾਜਾਂ ਦੀ ਸ਼੍ਰੇਣੀ ਵਿੱਚ ਆਉਂਦੇ ਹਨ ?
(1) ਬੰਸਰੀ, ਨਗੋਜੇ, ਸ਼ਹਿਨਾਈ, ਸੰਖ
(2) ਛੈਣੇ, ਖੜਤਾਲ, ਮੰਜੀਰੇ, ਘੰਟੇ, ਘੜਿਆਲ
(3) ਸਿਤਾਰ, ਸਰੋਦ, ਤੂੰਬੀ, ਤਾਨ ਪੁਰਾ, ਵੀਣਾ
(4) ਡਫ, ਤਬਲਾ, ਨਾਗਰਾ, ਢੋਲਕ, ਢੋਲ
(5) ਅਨਉੱਤਰਿਤ ਪ੍ਰਸ਼ਨ

87. ਫੁਲਕਾਰੀ ਸੰਬੰਧੀ ਅੰਗਰੇਜ਼ੀ ਵਿੱਚ ਲਿਖੀ ਪੁਸਤਕ 'ਏ ਫੁਲਕਾਰੀ ਫਰੌਮ ਬਠਿੰਡਾ' ਕਿਸ ਦੀ ਹੈ ?
(1) ਵਣਜਾਰਾ ਬੇਦੀ
(2) ਹਰਜੀਤ ਸਿੰਘ
(3) ਡਾ. ਹਰਜੀਤ ਸਿੰਘ ਗਿੱਲ
(4) ਡਾ. ਨਾਹਰ ਸਿੰਘ
(5) ਅਨਉੱਤਰਿਤ ਪ੍ਰਸ਼ਨ

88. ਭਾਰਤੀ ਲੋਕ ਜੀਵਨ ਵਿੱਚ 'ਸਾਂਝੀ ਮਾਈ' ਨੂੰ ਕਿਸ ਦੀ ਦੇਵੀ ਮੰਨਿਆ ਜਾਂਦਾ ਹੈ ?
(1) ਦੁਸ਼ਟ ਦਮਨ (2) ਅਗਨੀ
(3) ਉਪਜਾਇਕਤਾ (4) ਸੰਘਾਰ ਦੀ ਦੇਵੀ
(5) ਅਨਉੱਤਰਿਤ ਪ੍ਰਸ਼ਨ

89. 'ਮੋਹੜੀ ਗੱਡਣ' ਦੀ ਪਰੰਪਰਾ ਦਾ ਸੰਬੰਧ ਹੈ
(1) ਘਰ ਦੀ ਨੀਂਹ ਰੱਖਣ ਨਾਲ
(2) ਮੌਤ ਸੰਬੰਧੀ ਰਸਮਾਂ ਨਾਲ
(3) ਜ਼ਮੀਨ ਦੀ ਪਮਾਇਸ਼ ਨਾਲ
(4) ਪਿੰਡ ਦੀ ਸਥਾਪਨਾ ਨਾਲ
(5) ਅਨਉੱਤਰਿਤ ਪ੍ਰਸ਼ਨ

90. ਜਦੋਂ ਪਿੰਡ ਵਿੱਚ ਡੰਗਰਾਂ ਨੂੰ ਮੂੰਹ ਖੁਰ ਦੀ ਬਿਮਾਰੀ ਪੈਂਦੀ ਹੈ ਤਾਂ ਉਸ ਸਮੇਂ ਕੀਤੇ ਜਾਣ ਵਾਲੇ ਟੂਣੇ ਨੂੰ ਕੀ ਕਹਿੰਦੇ ਹਨ ?
(1) ਝਾੜਾ (2) ਠਾਕਾ
(3) ਉਤਾਰਾ (4) ਹਥੌਲਾ
(5) ਅਨਉੱਤਰਿਤ ਪ੍ਰਸ਼ਨ

91. ਹੇਠ ਲਿਖਿਆਂ ਵਿੱਚੋਂ ਵਸਤੂਪਰਕ ਰੂੜੀ ਦਾ ਸਹੀ ਜੁੱਟ ਪਛਾਣੋ :
(1) ਮੂੰਹ ਵਿੱਚੋਂ ਸੱਪਾਂ ਦਾ ਡਿੱਗਣਾ, ਸੰਜੀਵਨੀ ਬੂਟੀ, ਤੇਲ ਦੇ ਤਪਦੇ ਕੜਾਹਿਆਂ ਰਾਹੀਂ ਪਰਖ
(2) ਅਮਰ ਫਲ, ਸੁਨਹਿਰੀ ਹਿਰਨ, ਮਨੁੱਖ ਦੀ ਬਲੀ
(3) ਕਪਿਲ ਬ੍ਰਿਛ, ਬੰਸਰੀ, ਮਤਰੇਈ ਮਾਂ, ਉਡਾ ਕੇ ਲੈ ਜਾਣ ਵਾਲਾ ਅਜੀਬ ਪੰਛੀ
(4) ਜਾਦੂ ਦੀ ਟੋਪੀ, ਅਮਰ ਫਲ, ਕਪਿਲ ਬ੍ਰਿਛ, ਕਾਮਧੇਨ ਗਾਂ
(5) ਅਨਉੱਤਰਿਤ ਪ੍ਰਸ਼ਨ

92. ਕਿੱਕਲੀ ਛੋਟੀ ਉਮਰ ਦੀਆਂ ਕੁੜੀਆਂ ਦਾ ਅਜਿਹਾ ਨਾਚ ਹੈ, ਜੋ ਬੱਚੀਆਂ ਦੀਆਂ ਖੇਡਾਂ ਨਾਲ ਜੁੜਿਆ ਹੋਇਆ ਹੈ । ਇਸ ਨੂੰ ਪੋਠੋਹਾਰ ਵਿੱਚ ਕਿਸ ਨਾਂ ਨਾਲ ਜਾਣਿਆ ਜਾਂਦਾ ਹੈ ?
(1) ਕਰਿੰਗਲੀ (2) ਕੁੜਿੰਗੜੀ
(3) ਕਰਿੱਕਲੀ (4) ਕਿੱਕਲੀ
(5) ਅਨਉੱਤਰਿਤ ਪ੍ਰਸ਼ਨ

93. ਟੀ.ਆਰ.ਵਿਨੋਦ ਅਨੁਸਾਰ ਪੰਜਾਬੀ ਸੱਭਿਆਚਾਰ ਤੋਂ ਭਾਵ ਹੈ :
(1) ਪੰਜਾਬ ਦੀ ਧਰਤੀ ਤੇ ਪਲਰਨ ਵਾਲਾ ਹਰ ਤਰ੍ਹਾਂ ਦਾ ਸੱਭਿਆਚਾਰ
(2) ਪੰਜਾਬ ਦੇ ਵੰਨ-ਸੁਵੰਨੇ ਜਨ-ਸਮੂਹਾਂ ਦੇ ਸਭਿਆਚਾਰਾਂ ਦੇ ਸਮਵਿੱਥ ਪੈਦਾ ਹੋਇਆ ਸਾਂਝਾ ਸੱਭਿਆਚਾਰ
(3) ਭਾਰਤੀ ਪੰਜਾਬ ਤੇ ਪਾਕਿਸਤਾਨੀ ਪੰਜਾਬ ਦਾ ਸਾਂਝਾ ਸੱਭਿਆਚਾਰ
(4) ਵਿਸ਼ਵ ਦੇ ਹਰ ਖਿੱਤੇ ਵਿੱਚ ਰਹਿਣ ਵਾਲੇ ਪੰਜਾਬੀਆਂ ਦਾ ਸੱਭਿਆਚਾਰ
(5) ਅਨਉੱਤਰਿਤ ਪ੍ਰਸ਼ਨ

94. 'ਪੰਜਾਬੀ ਲੋਕ-ਸਾਹਿਤ ਵਿਚ ਸੈਨਿਕ,' ਪੁਸਤਕ ਕਿਸ ਦੀ ਹੈ ?
(1) ਦੇਵਿੰਦਰ ਸਤਿਆਰਥੀ
(2) ਸੁਖਦੇਵ ਮਾਦਪੁਰੀ
(3) ਸ਼ਮਸ਼ੇਰ ਸਿੰਘ ਅਸ਼ੋਕ
(4) ਵਣਜਾਰਾ ਬੇਦੀ
(5) ਅਨਉੱਤਰਿਤ ਪ੍ਰਸ਼ਨ



Prepp+ Subscription
Only (₹999) ₹249/year
500+ Exams | 1 Year Full Access | 50,000+ Mock tests | 10,000+ Pyp's
Unlock Your Success Today!
LIMITED TIME OFFER

Prepp
Your Personal Exams Guide

95. 'ਕੁੰਬਲ' ਕਿਸ ਕੰਮ ਨਾਲ ਸੰਬੰਧਿਤ ਰਹੀ ਹੈ
(1) ਖੇਤੀ ਬਾੜੀ ਨਾਲ
(2) ਕੱਪੜਾ ਬੁਣਨ ਨਾਲ
(3) ਪਾਣੀ ਭਰਨ ਨਾਲ
(4) ਤੇਲ ਕੱਢਣ ਨਾਲ
(5) ਅਨਉੱਤਰਿਤ ਪ੍ਰਸ਼ਨ

96. ਕਿਸ ਵਿਦਵਾਨ ਨੇ ਕਿਹਾ, "ਹੱਥ ਸੱਭਿਆਚਾਰ ਦਾ ਲਾਜ਼ਮੀ ਅੰਗ, ਮਨੁੱਖੀਕਰਨ ਦਾ ਨਿਰਮਾਤਾ ਹੈ।"
(1) ਰੈਲਫ ਫਾਕਸ (2) ਅਰਨਸਟ ਫਿਸ਼ਰ
(3) ਲੁਕਾਚ (4) ਪਲੈਖਾਨੋਵ
(5) ਅਨਉੱਤਰਿਤ ਪ੍ਰਸ਼ਨ

97. ਹੇਠ ਲਿਖਿਆਂ ਵਿੱਚੋਂ ਕਿਹੜਾ ਅੰਗ ਸੱਭਿਆਚਾਰ ਦੇ ਨਿਰਮਾਣਕਾਰੀ ਅੰਗਾਂ ਦੇ ਘੇਰੇ ਵਿੱਚ ਨਹੀਂ ਆਉਂਦਾ ?
(1) ਭੂਗੋਲਿਕ ਖਿੱਤਾ (2) ਸਾਂਝਾ ਵਿਰਸਾ
(3) ਸੱਭਿਆਚਾਰਕ ਪੈਟਰਨ (4) ਨਸਲੀ ਤੱਤ
(5) ਅਨਉੱਤਰਿਤ ਪ੍ਰਸ਼ਨ

98. ਦਿਵਾਲੀ ਕਦੋਂ ਮਨਾਈ ਜਾਂਦੀ ਹੈ ?
(1) ਕੱਤਕ ਦੀ ਪੂਰਨਮਾਸ਼ੀ
(2) ਕੱਤਕ ਦੀ ਮੱਸਿਆ
(3) ਕੱਤਕ ਦੀ ਦਸਵੀਂ
(4) ਅੱਸੂ ਦੀ ਮੱਸਿਆ
(5) ਅਨਉੱਤਰਿਤ ਪ੍ਰਸ਼ਨ

99. ਲੋਕ ਕਾਵਿ ਰੂਪ 'ਵੈਣ' ਕਿਹੜੀ ਰਾਗਣੀ ਵਿੱਚ ਪਾਏ ਜਾਂਦੇ ਹਨ ?
(1) ਤਿਲੰਗ
(2) ਮਾਂਡ
(3) ਲਮਕਾਈ ਹੋਈ ਹੇਕ
(4) ਭੈਰਵੀ
(5) ਅਨਉੱਤਰਿਤ ਪ੍ਰਸ਼ਨ

100. ਪੰਜਾਬੀ ਸੱਭਿਆਚਾਰ ਦੀ ਕਦਰ ਪ੍ਰਣਾਲੀ ਵਿੱਚ ਕੇਂਦਰੀ ਮਹੱਤਵ ਹਾਸਲ ਕਰਨ ਵਾਲੀ ਕਦਰ ਕਿਹੜੀ ਹੈ ?
(1) ਵੰਨ ਸੁਵੰਨਤਾ
(2) ਅਧਿਆਤਮਿਕਤਾ
(3) ਸੁਤੰਤਰਤਾ ਦੀ ਭਾਵਨਾ
(4) ਭਾਈਚਾਰਾ
(5) ਅਨਉੱਤਰਿਤ ਪ੍ਰਸ਼ਨ

101. 'ਧੌਲ ਉਡਾਣਾ' ਰਸਮ ਕਿਸ ਦੇ ਨਾਲ ਸੰਬੰਧਿਤ ਹੈ ?
(1) ਤਲਾਕ ਨਾਲ (2) ਮੌਤ ਨਾਲ
(3) ਵਿਆਹ ਨਾਲ (4) ਪੁਨਰ ਵਿਆਹ ਨਾਲ
(5) ਅਨਉੱਤਰਿਤ ਪ੍ਰਸ਼ਨ

102. ਕਿਸ ਮਾਨਵ ਵਿਗਿਆਨੀ ਨੇ ਸੱਭਿਆਚਾਰ ਦੀ ਭਾਸ਼ਾਈ ਵਰਤਾਰੇ ਨਾਲ ਤੁਲਨਾ ਕੀਤੀ ?
(1) ਵਲਾਦੀਮੀਰ ਪ੍ਰਾਪ (2) ਲੈਵੀ ਸਤਰੌਸ
(3) ਹਰਸਕੋਵਿਟਸ (4) ਵਿਲੀਅਮ ਥਾਮਸ
(5) ਅਨਉੱਤਰਿਤ ਪ੍ਰਸ਼ਨ

103. ਸੱਭਿਆਚਾਰ ਦੇ ਪਦਾਰਥਕ ਅੰਗਾਂ ਵਿੱਚ ਸ਼ਾਮਿਲ ਵਸਤ/ਵਰਤਾਰਿਆਂ ਦਾ ਸਹੀ ਜੁੱਟ ਕਿਹੜਾ ਹੈ ?
(1) ਸਾਜੋ ਸਮਾਨ, ਹਾਰ ਸ਼ਿੰਗਾਰ, ਰਿਹਾਇਸ਼, ਵਸਤ ਵਟਾਂਦਰਾ
(2) ਰਿਹਾਇਸ਼, ਤੋਹਫ਼ੇ, ਲੋਕਧਾਰਾ, ਭਾਸ਼ਾ
(3) ਭਾਸ਼ਾ, ਕਾਨੂੰਨ, ਰਾਜਨੀਤਿਕ ਪ੍ਰਬੰਧ, ਹਾਰ ਸ਼ਿੰਗਾਰ
(4) ਪਿੰਡ, ਸੱਥ, ਰਿਸ਼ਤਾ ਨਾਤਾ ਪ੍ਰਬੰਧ, ਰਿਹਾਇਸ਼, ਤੋਹਫ਼ੇ
(5) ਅਨਉੱਤਰਿਤ ਪ੍ਰਸ਼ਨ

104. 'ਸਿਧ ਗੋਸਟਿ' ਬਾਣੀ ਕਿਸ ਰਾਗ ਵਿਚ ਦਰਜ ਹੈ ?
(1) ਧਨਾਸਰੀ (2) ਸੂਹੀ
(3) ਰਾਮਕਲੀ (4) ਆਸਾ
(5) ਅਨਉੱਤਰਿਤ ਪ੍ਰਸ਼ਨ

105. 'ਮਾਘੀ ਦਾ ਮੇਲਾ' ਕਿਸ ਇਲਾਕੇ ਵਿੱਚ ਲਗਦਾ ਹੈ ?
(1) ਜਲੰਧਰ (2) ਅੰਮ੍ਰਿਤਸਰ
(3) ਲੁਧਿਆਣਾ (4) ਮੁਕਤਸਰ
(5) ਅਨਉੱਤਰਿਤ ਪ੍ਰਸ਼ਨ

106. 'ਚੌਰ ਭੁਲਾਈ' ਦੀ ਰਸਮ ਕਦੋਂ ਕੀਤੀ ਜਾਂਦੀ ਹੈ ?
(1) ਸ਼ਮਸ਼ਾਨ ਭੂਮੀ ਵੱਲ ਜਾਂਦਿਆਂ ਰਾਹ ਵਿੱਚ।
(2) ਚਿਖਾ ਤਿਆਰ ਕਰਨ ਸਮੇਂ
(3) ਫੁੱਲ ਚੁਗਣ ਸਮੇਂ
(4) ਸਸਕਾਰ ਕਰਕੇ ਵਾਪਸ ਪਰਤਦੇ ਸਮੇਂ
(5) ਅਨਉੱਤਰਿਤ ਪ੍ਰਸ਼ਨ



Prepp⁺ Subscription
Only (₹999) ₹249/year
500+ Exams | 1 Year Full Access | 50,000+ Mock tests | 10,000+ Pyp's
Unlock Your Success Today!
LIMITED TIME OFFER

Prepp
Your Personal Exams Guide

**107.** 'ਖਾਰਿਉਂ ਉਤਾਰਨ' ਦੀ ਰੀਤ ਕੌਣ ਨਿਭਾਉਂਦਾ ਹੈ ?
(1) ਫੁੱਫੜ (2) ਮਾਮਾ
(3) ਦਾਦਾ (4) ਨਾਨਾ
(5) ਅਨਉੱਤਰਿਤ ਪ੍ਰਸ਼ਨ

**108.** 'ਪਿਆਲਾ ਦੇਣ' ਦੀ ਰਸਮ ਕਿਸ ਨਾਲ ਸੰਬੰਧਿਤ ਹੈ ?
(1) ਮੌਤ (2) ਜਨਮ
(3) ਵਿਆਹ (4) ਸਸਕਾਰ
(5) ਅਨਉੱਤਰਿਤ ਪ੍ਰਸ਼ਨ

**109.** ਹੇਠ ਲਿਖਿਆਂ ਵਿੱਚੋਂ ਕਿਹੜਾ ਤਾਰ ਦਾ ਸਾਜ਼ ਨਹੀਂ ਹੈ ?
(1) ਕਾਟੋ (2) ਸਿਤਾਰ
(3) ਸਾਰੰਗੀ (4) ਰਬਾਬ
(5) ਅਨਉੱਤਰਿਤ ਪ੍ਰਸ਼ਨ

**110.** 'ਦਿੱਤੀ ਥੇਲੀ ਲਿਖੀ ਹਵੇਲੀ' ਅਖਾਣ ਦਾ ਭਾਵ ਸ਼ਾਹੂਕਾਰੀ ਨਾਲ ਜੁੜਦਾ ਹੈ, ਕਿਉਂਕਿ
(1) ਸ਼ਾਹੂਕਾਰ ਭੋਲੇ ਲੋਕਾਂ ਨੂੰ ਠੱਗਦਾ ਹੈ ।
(2) ਸ਼ਾਹੂਕਾਰ ਲੋਕਾਂ ਦੀ ਵੱਧ ਤੋਂ ਵੱਧ ਮਦਦ ਕਰਦਾ ਹੈ ।
(3) ਸ਼ਾਹੂਕਾਰ ਲੋਕਾਂ ਨੂੰ ਹਵੇਲੀ ਬਣਾਉਣ ਲਈ ਥੇਲੀ (ਪੈਸਿਆਂ) ਦੀ ਮਦਦ ਕਰਦਾ ਹੈ ।
(4) ਸ਼ਾਹੂਕਾਰ ਲੋਕਾਂ ਦੀ ਪੱਤ (ਸਮਾਜਕ ਰੁਤਬਾ) ਨੂੰ ਕਾਇਮ ਰੱਖਦਾ ਹੈ ।
(5) ਅਨਉੱਤਰਿਤ ਪ੍ਰਸ਼ਨ

**111.** ਤੰਦੂਰ ਵਿੱਚ ਲਾ ਕੇ ਚੌੜੀ ਪਤਲੀ ਪਕਾਈ ਰੜ੍ਹੀ ਹੋਈ ਰੋਟੀ ਨੂੰ ਕੀ ਕਹਿੰਦੇ ਹਨ ?
(1) ਟਾਂਟ (2) ਟਾਡ
(3) ਟਾਧ (4) ਟਾਗੂ
(5) ਅਨਉੱਤਰਿਤ ਪ੍ਰਸ਼ਨ

**112.** ਇੱਕੋ ਪ੍ਰਕਾਰ ਦੀਆਂ ਘਟਨਾਵਾਂ, ਪਾਤਰ, ਵਿਚਾਰ, ਵਿਸ਼ਵਾਸ ਜਾਂ ਸ਼ਬਦ ਜੋ ਭਿੰਨ-ਭਿੰਨ ਕਹਾਣੀਆਂ ਨੂੰ ਇਕਰੂਪਤਾ ਪ੍ਰਦਾਨ ਕਰਦੇ ਹਨ, ਕਹੇ ਜਾਂਦੇ ਹਨ
(1) ਲੋਕ ਵਿਸ਼ਵਾਸ (2) ਅਨੁਸਠਾਨ
(3) ਲੋਕ ਕਿੱਤੇ (4) ਕਥਾਨਕ ਰੂੜੀਆਂ
(5) ਅਨਉੱਤਰਿਤ ਪ੍ਰਸ਼ਨ

**113.** ਹੇਠ ਲਿਖਿਆਂ ਵਿੱਚੋਂ ਕਿਹੜਾ ਸੱਭਿਆਚਾਰ ਰੁਪਾਂਤਰਨ ਦਾ ਕਾਰਨ ਹੈ ?
(1) ਸ਼ਹਿਰੀਕਰਨ (2) ਪੱਛਮੀਕਰਨ
(3) ਸਵੈ-ਕੇਂਦਰੀਕਰਨ (4) ਉਪਰੋਕਤ ਸਾਰੇ
(5) ਅਨਉੱਤਰਿਤ ਪ੍ਰਸ਼ਨ

**114.** ਆਮ ਧਾਰਨਾ ਅਨੁਸਾਰ ਪੰਜਾਬੀ ਲੋਕਗੀਤਾਂ ਵਿਚ ਮਿਠਾਸ ਇਸ ਲਈ ਵਧੇਰੇ ਹੈ, ਕਿਉਂਕਿ
(1) ਇਹਨਾਂ ਗੀਤਾਂ ਦਾ ਵੱਡਾ ਭਾਗ ਤੀਵੀਂਆਂ ਦਾ ਰਚਿਆ ਹੈ ।
(2) ਗੀਤਾਂ ਵਿਚ ਅਨੁਭਵ ਦੀ ਸਮੁੱਚਤਾ ਤੇ ਰੂਪ ਦੀ ਸਰਲਤਾ ਹੈ ।
(3) ਲੋਕਗੀਤਾਂ ਵਿੱਚ ਵਿਚਾਰਾਂ ਦੀ ਸਾਦਗੀ ਹੈ ।
(4) ਇਹਨਾਂ ਗੀਤਾਂ ਦੀ ਬੋਲੀ ਸਰਲ ਤੇ ਸਾਦਾ ਹੈ ।
(5) ਅਨਉੱਤਰਿਤ ਪ੍ਰਸ਼ਨ

**115.** 'ਟੇਕਵਾਂ ਜਾਂ ਕਠਲਾ' ਕਿਹਾ ਜਾਂਦਾ ਹੈ
(1) ਪਤੀ ਦੀ ਮੌਤ ਬਾਅਦ, ਪਤੀ ਦੇ ਰੂਪ ਵਿੱਚ ਆਏ ਮਰਦ ਨੂੰ
(2) ਪਤੀ ਦੇ ਹੁੰਦਿਆਂ, ਸਰੀਰਿਕ ਸੰਬੰਧਾਂ ਵਿੱਚ ਬੱਝੇ ਜੇਠ ਨੂੰ
(3) ਪਤੀ ਦੇ ਹੁੰਦਿਆਂ, ਸਰੀਰਿਕ ਸੰਬੰਧਾਂ ਵਿੱਚ ਬੱਝੇ ਦਿਉਰ ਨੂੰ
(4) ਪਤੀ ਦੇ ਮੌਤ ਤੋਂ ਬਾਅਦ, ਸਾਂਭ ਸੰਭਾਲ ਕਰਨ ਵਾਲੇ ਕਬੀਲੇ ਦੇ ਮੁਖੀਏ ਨੂੰ
(5) ਅਨਉੱਤਰਿਤ ਪ੍ਰਸ਼ਨ

**116.** ਜੇਕਰ ਬੱਚਾ ਪਹਿਲਾਂ ਉਪਰਲੀ ਦੰਦੀ ਕੱਢਦਾ ਹੈ ਤਾਂ ਇਹ ਕਿਸ ਲਈ ਚੰਗਾ ਸ਼ਗਨ ਨਹੀਂ ?
(1) ਭੂਆ (2) ਮਾਮਿਆਂ
(3) ਨਾਨੀ (4) ਦਾਦਕਿਆਂ
(5) ਅਨਉੱਤਰਿਤ ਪ੍ਰਸ਼ਨ

**117.** 'ਚੋਪ' ਕਿਸਮ ਹੈ
(1) ਖੇਡ ਗੀਤਾਂ ਦੀ (2) ਫੁਲਕਾਰੀ ਦੀ
(3) ਲੋਕ ਧੰਦੇ ਦੀ (4) ਲੋਕ ਨਾਟਕ ਦੀ
(5) ਅਨਉੱਤਰਿਤ ਪ੍ਰਸ਼ਨ

**118.** ਇਹਨਾਂ ਵਿੱਚੋਂ ਕਿਹੜੀ ਪੰਜਾਬੀ ਗਹਿਣੇ ਦੀ ਕਿਸਮ ਹੈ ?
(1) ਗੋਖੜੂ (2) ਬਬਰੂ
(3) ਫੁੱਟ (4) ਗੁੱਲ
(5) ਅਨਉੱਤਰਿਤ ਪ੍ਰਸ਼ਨ



Prepp+ Subscription
Only (₹999) ₹249/year
500+ Exams | 1 Year Full Access | 50,000+ Mock tests | 10,000+ Pyp's
Unlock Your Success Today!
LIMITED TIME OFFER

Prepp
Your Personal Exams Guide

**119.** ਹੇਠ ਲਿਖੀਆਂ ਰਚਨਾਵਾਂ ਵਿੱਚੋਂ ਕਿਹੜੀ ਰਚਨਾ ਬਾਬਾ ਫ਼ਰੀਦ ਤੋਂ ਪਹਿਲਾਂ ਦੇ ਸਮੇਂ ਦੀ ਹੈ ?

(1) ਅਦਹਮਾਣ ਦਾ ਸਨੇਹ ਰਾਸਕ
(2) ਮਾਸੂਦ ਦਾ ਦੀਵਾਨ
(3) ਮੁੱਲਾਂ ਦਾਊਦ ਦਾ ਚਾਂਦਨਾਮਾ
(4) ਉਪਰੋਕਤ ਸਾਰੇ
(5) ਅਨਉੱਤਰਿਤ ਪ੍ਰਸ਼ਨ

**120.** 'ਆਸਾ ਦੀ ਵਾਰ' ਮਹੱਲਾ ੧ ਨੂੰ ਕਿਹੜੀ ਵਾਰ ਦੀ ਧੁਨੀ ਤੇ ਗਾਉਣ ਦਾ ਆਦੇਸ਼ ਹੈ ?

(1) ਲੱਲਾ ਬਹਿਲੀਮਾ ਦੀ ਵਾਰ
(2) ਰਾਏ ਕਮਾਲ ਮਉਜ ਦੀ ਵਾਰ
(3) ਟੁੰਡੇ ਅਸਰਾਜੇ ਦੀ ਵਾਰ
(4) ਹਸਨੇ ਮਹਿਮੇ ਦੀ ਵਾਰ
(5) ਅਨਉੱਤਰਿਤ ਪ੍ਰਸ਼ਨ

**121.** ਗੁਰੂ ਗੋਬਿੰਦ ਸਿੰਘ ਜੀ ਦੇ ਪੂਰਬ ਜਨਮ ਦੀ ਜੀਵਨ ਕਥਾ ਕਿਹੜੀ ਰਚਨਾ ਹੈ ?

(1) ਅਕਾਲਿ ਉਸਤਤਿ (2) ਬਚਿੱਤਰ ਨਾਟਕ
(3) ਚੰਡੀ ਦੀ ਵਾਰ (4) ਜਾਪੁ ਸਾਹਿਬ
(5) ਅਨਉੱਤਰਿਤ ਪ੍ਰਸ਼ਨ

**122.** ਸ਼ਾਹ ਹੁਸੈਨ ਕਿਹੜੇ ਸੂਫ਼ੀ ਸੰਪਰਦਾਇ ਨਾਲ ਸੰਬੰਧਿਤ ਸਨ ?

(1) ਚਿਸ਼ਤੀ ਸੰਪਰਦਾਇ
(2) ਸੁਹਰਾਵਰਦੀ ਸੰਪਰਦਾਇ
(3) ਕਾਦਰੀ ਸੰਪਰਦਾਇ
(4) ਨਕਸ਼ਬੰਦੀ ਸੰਪਰਦਾਇ
(5) ਅਨਉੱਤਰਿਤ ਪ੍ਰਸ਼ਨ

**123.** ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਅਲਾਹੁਣੀਆਂ ਦੀ ਭਾਵਨਾ ਦੇ ਕਿੰਨੇ ਸ਼ਬਦ ਮਿਲਦੇ ਹਨ ?

(1) 49 (2) 59
(3) 39 (4) 09
(5) ਅਨਉੱਤਰਿਤ ਪ੍ਰਸ਼ਨ

**124.** ਨਾਨਕ ਸਿੰਘ ਦਾ ਨਾਵਲ ਨਹੀਂ ਹੈ

(1) ਭਵਾਨੀ
(2) ਗਗਨ ਦਮਾਮਾ ਬਾਜਿਓ
(3) ਇੱਕ ਮਿਆਨ ਦੋ ਤਲਵਾਰਾਂ
(4) ਚਿਤ੍ਰਕਾਰ
(5) ਅਨਉੱਤਰਿਤ ਪ੍ਰਸ਼ਨ

**125.** ਹੇਠ ਲਿਖਿਆਂ ਵਿੱਚੋਂ ਕਿਹੜਾ ਜੁੱਟ ਸਹੀ ਨਹੀਂ ਹੈ ?

(1) ਆਤਮਜੀਤ : ਕੈਮਲੂਪਸ ਦੀਆਂ ਮੱਛੀਆਂ
(2) ਅਮਰੀਕ ਸਿੰਘ : ਅਨੀਤਾ ਦਾ ਫੈਸਲਾ
(3) ਵਰਘਰ : ਆਈ.ਸੀ.ਨੰਦਾ
(4) ਬਲਵੰਤ ਗਾਰਗੀ : ਕਲਾਕਾਰ
(5) ਅਨਉੱਤਰਿਤ ਪ੍ਰਸ਼ਨ

**126.** ਕਿਸ ਸਾਹਿਤ ਇਤਿਹਾਸਕਾਰ ਨੇ ਪੰਜਾਬੀ ਸਾਹਿਤ ਇਤਿਹਾਸ ਦੀ ਕਾਲ ਵੰਡ ਕਰਦਿਆਂ ਪਹਿਲੇ ਭਾਗ ਦਾ ਨਾਂ 'ਸੂਰਮਿਆਂ ਦਾ ਵਿਰਸਾ' ਰੱਖਿਆ ਹੈ ?

(1) ਬਨਾਰਸੀ ਦਾਸ ਜੈਨ
(2) ਆਈ. ਸੇਰੇਬਰੀਆਕੋਵ
(3) ਬਾਵਾ ਬੁੱਧ ਸਿੰਘ
(4) ਮੌਲਾ ਬਖ਼ਸ਼ ਕੁਸ਼ਤਾ
(5) ਅਨਉੱਤਰਿਤ ਪ੍ਰਸ਼ਨ

**127.** ਪੰਜਾਬੀ ਦੇ ਕਿਸ ਆਲੋਚਕ ਨੇ ਡਾ. ਮੋਹਨ ਸਿੰਘ ਦੀਵਾਨਾ ਦੁਆਰਾ ਕੀਤੀ ਕਾਲ ਵੰਡ ਨੂੰ ਮਿਕਾਨਕੀ ਆਖਿਆ ?

(1) ਸੰਤ ਸਿੰਘ ਸੇਖੋਂ
(2) ਅਤਰ ਸਿੰਘ
(3) ਹਰਿਭਜਨ ਸਿੰਘ ਭਾਟੀਆ
(4) ਕੇਸਰ ਸਿੰਘ ਕੇਸਰ
(5) ਅਨਉੱਤਰਿਤ ਪ੍ਰਸ਼ਨ

**128.** ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸੱਦ ਕਾਵਿ-ਰੂਪ ਦੀ ਵਰਤੋਂ ਕਿਸ ਬਾਣੀਕਾਰ ਨੇ ਕੀਤੀ ?

(1) ਗੁਰੂ ਅੰਗਦ ਦੇਵ ਜੀ
(2) ਭਗਤ ਧੰਨਾ ਜੀ
(3) ਬਾਬਾ ਸੁੰਦਰ ਜੀ
(4) ਗੁਰੂ ਅਮਰ ਦਾਸ ਜੀ
(5) ਅਨਉੱਤਰਿਤ ਪ੍ਰਸ਼ਨ

**129.** 'ਕੱਚਾ ਦੁੱਧ' ਕਹਾਣੀ ਸੰਗ੍ਰਹਿ ਕਿਹੜੇ ਕਹਾਣੀਕਾਰ ਦਾ ਹੈ ?

(1) ਨਾਨਕ ਸਿੰਘ
(2) ਕਰਤਾਰ ਸਿੰਘ ਦੁੱਗਲ
(3) ਕੁਲਵੰਤ ਸਿੰਘ ਵਿਰਕ
(4) ਸੰਤੋਖ ਸਿੰਘ ਧੀਰ
(5) ਅਨਉੱਤਰਿਤ ਪ੍ਰਸ਼ਨ



Prepp+ Subscription
Only (₹999) ₹249/year
500+ Exams | 1 Year Full Access | 50,000+ Mock tests | 10,000+ Pyp's
Unlock Your Success Today!
LIMITED TIME OFFER

Prepp
Your Personal Exams Guide

130. ਫੇਰ ਸੁਲਤਾਨ ਬਾਹੂ ਇਕ ਹੋਇਆ, ਖਾਸਾ ਮਰਦ ਹਕਾਨੀ।
ਦੋਹੜੇ ਪਾਕ ਜ਼ੁਬਾਨ ਉਹਦੀ ਦੇ, ਰੋਸ਼ਨ ਦੋਹੀਂ ਜ਼ਹਾਨੀਂ।
ਉਪਰੋਕਤ ਕਾਵਿ-ਟਿੱਪਣੀ ਕਿਸ ਨੇ ਕੀਤੀ –
(1) ਮੁਹੰਮਦ ਬਖ਼ਸ਼ (2) ਸ਼ਾਹ ਮੁਹੰਮਦ
(3) ਸ਼ਾਹ ਸ਼ਰਫ (4) ਸ਼ਾਹ ਇਨਾਇਤ
(5) ਅਨਉੱਤਰਿਤ ਪ੍ਰਸ਼ਨ

131. 'ਮੌਲਾ ਬਖ਼ਸ਼ ਕੁਸ਼ਤਾ' ਰਚਿਤ ਪੁਸਤਕ ਕਿਹੜੀ ਹੈ ?
(1) ਪੰਜਾਬ ਦੇ ਹੀਰੇ
(2) ਹੰਸ ਚੋਗ
(3) ਪੰਜਾਬੀ ਸਾਹਿਤ ਦੀ ਇਤਿਹਾਸ ਰੇਖਾ
(4) ਪੰਜਾਬੀ ਅਦਬ ਦੀ ਮੁਖ਼ਤਸਰ ਤਾਰੀਖ਼
(5) ਅਨਉੱਤਰਿਤ ਪ੍ਰਸ਼ਨ

132. ਦੱਖਣੀ ਓਅੰਕਾਰ ਵਿੱਚ ਵਰਤੇ ਗਏ ਛੰਦ ਹਨ :
(1) ਚੌਪਈ ਤੇ ਦਵੱਈਆ (2) ਅੜਿੱਲ ਤੇ ਸੋਰਠਾ
(3) ਚੌਪਈ ਤੇ ਸੋਰਠਾ (4) ਚੌਪਈ ਤੇ ਅੜਿੱਲ
(5) ਅਨਉੱਤਰਿਤ ਪ੍ਰਸ਼ਨ

133. 'ਦਸਮ ਗ੍ਰੰਥ' ਦਾ ਪਹਿਲਾ ਨਾਂ ਕੀ ਸੀ ?
(1) ਗਿਆਨ ਪ੍ਰਬੋਧ (2) ਬਚਿਤ੍ਰ ਨਾਟਕ
(3) ਆਦਿ ਗ੍ਰੰਥ (4) ਖਾਲਸਾ ਮਹਿਮਾ
(5) ਅਨਉੱਤਰਿਤ ਪ੍ਰਸ਼ਨ

134. ਇਹਨਾਂ ਵਿੱਚੋਂ ਕਿਹੜਾ ਭਗਤ ਬਾਣੀਕਾਰ ਰਾਜਸਥਾਨ ਨਾਲ ਸੰਬੰਧਿਤ ਹੈ
(1) ਸੈਣ (2) ਨਾਮਦੇਵ
(3) ਪੀਪਾ (4) ਰਾਮਾਨੰਦ
(5) ਅਨਉੱਤਰਿਤ ਪ੍ਰਸ਼ਨ

135. 'ਭਰਥਰੀ ਹਰੀ' ਕਿੱਸੇ ਦਾ ਕਵੀ ਹੈ ?
(1) ਕਾਦਰਯਾਰ
(2) ਧਨੀ ਰਾਮ ਚਾਤ੍ਰਿਕ
(3) ਫਿਰੋਜ਼ਦੀਨ ਸ਼ਰਫ਼
(4) ਮੌਲਾ ਬਖ਼ਸ਼ ਕੁਸ਼ਤਾ
(5) ਅਨਉੱਤਰਿਤ ਪ੍ਰਸ਼ਨ

136. ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਲਾਵਾਂ ਦੇ ਨਾਂ ਨਾਲ ਪ੍ਰਸਿੱਧ ਰਚਨਾ ਕਿਸ ਕਾਵਿ-ਰੂਪ ਅਧੀਨ ਆਉਂਦੀ ਹੈ
(1) ਘੋੜੀ (2) ਛੰਤ
(3) ਅੰਜੁਝੀਆ (4) ਰੁੱਤੀ
(5) ਅਨਉੱਤਰਿਤ ਪ੍ਰਸ਼ਨ

137. ਭਾਈ ਗੁਰਦਾਸ ਦੀ ਸਭ ਤੋਂ ਲੰਮੀ ਵਾਰ ਕਿਹੜੀ ਹੈ ਅਤੇ ਇਸਦੀਆਂ ਕਿੰਨੀਆਂ ਪਉੜੀਆਂ ਹਨ ?
(1) ਪਹਿਲੀ ਵਾਰ, 54 ਪਉੜੀਆਂ
(2) ਇੱਕੀਵੀਂ ਵਾਰ, 46 ਪਉੜੀਆਂ
(3) ਪਹਿਲੀ ਵਾਰ, 49 ਪਉੜੀਆਂ
(4) ਸੱਤਵੀਂ ਵਾਰ, 51 ਪਉੜੀਆਂ
(5) ਅਨਉੱਤਰਿਤ ਪ੍ਰਸ਼ਨ

138. ਇਹਨਾਂ ਵਿੱਚੋਂ ਪ੍ਰੋ. ਸਾਹਿਬ ਸਿੰਘ ਦੀ ਰਚਨਾ ਕਿਹੜੀ ਹੈ ?
(1) ਸਰਬੱਤ ਦਾ ਭਲਾ (2) ਲੰਮੀ ਨਦਰ
(3) ਜ਼ਿੰਦਗੀ ਦੀ ਰਾਸ (4) ਇੰਦਰ ਧਨੁਸ਼
(5) ਅਨਉੱਤਰਿਤ ਪ੍ਰਸ਼ਨ

139. ਸਾਹਿਤ ਦਾ ਆਦਿ ਬਿੰਦੂ ਨਿਸ਼ਚਤ ਕਰਨ ਤੋਂ ਬਾਅਦ ਸਾਹਿਤ ਇਤਿਹਾਸਕਾਰੀ ਵਿੱਚ ਸਾਹਿਤਕ ਵਿਕਾਸ ਨਾਲ ਸੰਬੰਧਿਤ ਸਮੱਸਿਆਵਾਂ ਨੂੰ ਡਾ. ਤੇਜਵੰਤ ਸਿੰਘ ਗਿੱਲ ਨੇ ਕਿਹੜੇ ਵਰਗਾਂ ਵਿੱਚ ਵੰਡਿਆ ਹੈ ?
(1) ਸਾਹਿਤ ਦਾ ਉਦਭਵ, ਕਾਲਵੰਡ, ਨਾਮਕਰਣ, ਸਾਹਿਤਕਲਾ, ਵਿਸ਼ਲੇਸ਼ਣ ਅਤੇ ਤੱਥ ਇਕੱਤਰੀਕਰਣ
(2) ਸਾਹਿਤ ਦਾ ਨਿਕਾਸ ਸ੍ਰੋਤ, ਤੱਥ ਸੰਗ੍ਰਹਿਕਰਣ, ਕਾਲਵੰਡ, ਵਰਗੀਕਰਣ, ਵਿਯੋਗੀਕਰਣ, ਸੰਯੋਗੀਕਰਣ
(3) ਕਾਲਵੰਡ, ਨਾਮਕਰਣ, ਵਰਗੀਕਰਣ, ਵਿਯੋਗੀਕਰਣ, ਸੰਯੋਗੀਕਰਣ ਅਤੇ ਸਾਧਾਰਣੀਕਰਨ
(4) ਤੱਥ ਇਕੱਤਰੀਕਰਣ, ਤੱਥਾਂ ਦੀ ਸਾਹਿਤਕਤਾ ਦੀ ਪਰਖ, ਤੱਥਾਂ ਦਾ ਵਰਗੀਕਰਨ, ਕਾਲਵੰਡ, ਸੰਯੋਗੀਕਰਣ
(5) ਅਨਉੱਤਰਿਤ ਪ੍ਰਸ਼ਨ

140. ਪ੍ਰੀਤਮ ਸਿੰਘ ਸਫ਼ੀਰ ਦੇ ਕਿਹੜੇ ਕਾਵਿ ਸੰਗ੍ਰਹਿ ਵਿੱਚ ਗੁਰੂ ਗੋਬਿੰਦ ਸਿੰਘ ਜੀ ਦੀ ਮਹਾਨ ਸ਼ਖ਼ਸੀਅਤ ਨਾਲ ਸੰਬੰਧਿਤ ਕਵਿਤਾਵਾਂ ਹਨ ?
(1) ਸਰਬ ਨਿਰੰਤਰ (2) ਸੰਜੋਗ ਵਿਜੋਗ
(3) ਸਰਬ ਕਾਲੀ (4) ਆਦਿ ਜੁਗਾਦਿ
(5) ਅਨਉੱਤਰਿਤ ਪ੍ਰਸ਼ਨ



Prepp+ Subscription
Only ~~₹999~~ ₹249/year
500+ Exams | 1 Year Full Access | 50,000+ Mock tests | 10,000+ Pyp's
Unlock Your Success Today!
LIMITED TIME OFFER

Prepp
Your Personal Exams Guide

141. ਸੰਤ ਸਿੰਘ ਸੇਖੋਂ ਨੇ ਭਾਈ ਗੁਰਦਾਸ ਦੀ ਰਚਨਾ ਵਿਚਲੇ ਅਲੰਕਾਰਾਂ ਨੂੰ ਆਖਿਆ ਹੈ

(1) ਅੱਤਕਥਨੀ (2) ਪਰਾਸਰੀਰਕ
(3) ਉਤਪ੍ਰੇਖਿਆ (4) ਪ੍ਰੌਢੋਕਤੀ
(5) ਅਨਉੱਤਰਿਤ ਪ੍ਰਸ਼ਨ

142. ਇਹਨਾਂ ਵਿੱਚੋਂ ਕਿਹੜਾ ਵਿਦਵਾਨ ਪੰਜਾਬੀ ਸਾਹਿਤ ਦੀ ਇਤਿਹਾਸਕਾਰੀ ਨਾਲ ਸੰਬੰਧਿਤ ਹੈ ?

(1) ਜੀਤ ਸਿੰਘ ਸੀਤਲ
(2) ਸੋਹਣ ਸਿੰਘ ਸੀਤਲ
(3) ਮਨਮੋਹਨ ਬਾਵਾ
(4) ਡਾ. ਮਨਮੋਹਨ
(5) ਅਨਉੱਤਰਿਤ ਪ੍ਰਸ਼ਨ

143. ਬਾਬਾ ਸੁੰਦਰ ਜੀ ਦੀ ਰਾਗ ਰਾਮਕਲੀ ਵਿੱਚ ਲਿਖੀ 'ਸੱਦ' ਜੋ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੈ, ਕਿਸ ਗੁਰੂ ਦੇ ਜੋਤੀ ਜੋਤਿ ਸਮਾਉਣ ਵੇਲੇ ਲਿਖੀ ਗਈ ?

(1) ਗੁਰੂ ਰਾਮਦਾਸ ਜੀ
(2) ਗੁਰੂ ਅਮਰਦਾਸ ਜੀ
(3) ਗੁਰੂ ਅੰਗਦ ਦੇਵ ਜੀ
(4) ਗੁਰੂ ਅਰਜਨ ਦੇਵ ਜੀ
(5) ਅਨਉੱਤਰਿਤ ਪ੍ਰਸ਼ਨ

144. ਗੁਰੂ ਗ੍ਰੰਥ ਸਾਹਿਬ ਵਿੱਚ 31 ਰਾਗਾਂ ਦੀ ਤਰਤੀਬ ਅਨੁਸਾਰ ਪਹਿਲਾ ਤੇ ਆਖਰੀ ਰਾਗ ਕਿਹੜਾ ਹੈ ?

(1) ਪਹਿਲਾ – ਸਿਰੀ ਰਾਗ, ਅਖੀਰਲਾ – ਜੈਜਾਵੰਤੀ
(2) ਪਹਿਲਾ – ਗਉੜੀ ਰਾਗ, ਅਖੀਰਲਾ – ਜੈਜਾਵੰਤੀ
(3) ਪਹਿਲਾ – ਗੁਜਰੀ, ਅਖੀਰਲਾ – ਮਾਰੂ
(4) ਪਹਿਲਾ – ਬਿਲਾਵਲ, ਅਖੀਰਲਾ – ਤਿਲੰਗ
(5) ਅਨਉੱਤਰਿਤ ਪ੍ਰਸ਼ਨ

145. ਇਹਨਾਂ ਵਿੱਚੋਂ ਡਾ. ਵਨੀਤਾ ਦਾ ਕਾਵਿ ਸੰਗ੍ਰਹਿ ਕਿਹੜਾ ਹੈ ?

(1) ਬਾਰਿਸ਼ ਅੰਦਰੇ ਅੰਦਰ
(2) ਕਣੀਆਂ
(3) ਕਾਲ ਪਹਿਰ ਘੜੀਆਂ
(4) ਪੌਣ ਤੜਾਗੀ
(5) ਅਨਉੱਤਰਿਤ ਪ੍ਰਸ਼ਨ

146. 'ਨਵੀਆਂ ਸੋਚਾਂ' ਵਾਰਤਕ ਪੁਸਤਕ ਕਿਸ ਦੀ ਹੈ

(1) ਪ੍ਰਿ. ਤੇਜਾ ਸਿੰਘ
(2) ਹਰਿੰਦਰ ਸਿੰਘ ਰੂਪ
(3) ਡਾ. ਤਾਰਨ ਸਿੰਘ
(4) ਗੁਰਬਖ਼ਸ਼ ਸਿੰਘ ਪ੍ਰੀਤਲੜੀ
(5) ਅਨਉੱਤਰਿਤ ਪ੍ਰਸ਼ਨ

147. ਇਸਲਾਮੀ ਕਲਚਰ ਵਿੱਚ ਮੁਹੱਬਤ ਦਾ ਸਭ ਤੋਂ ਪਵਿੱਤਰ ਕਿੱਸਾ ਕਿਹੜਾ ਮੰਨਿਆ ਜਾਂਦਾ ਹੈ, ਜਿਸ ਨੂੰ ਕੁਰਾਨ ਵਿੱਚ ਅਹਿਮ ਸਥਾਨ ਦਿੱਤਾ ਗਿਆ ਹੈ ?

(1) ਹੀਰ ਰਾਂਝਾ (2) ਮਿਰਜ਼ਾ ਸਾਹਿਬਾ
(3) ਸੱਸੀ ਪੁੰਨੂੰ (4) ਯੂਸਫ਼ ਜ਼ੁਲੈਖਾਂ
(5) ਅਨਉੱਤਰਿਤ ਪ੍ਰਸ਼ਨ

148. ਇੰਨ੍ਹਾਂ ਵਿੱਚੋਂ ਕਿਹੜਾ ਕਾਵਿ ਸੰਗ੍ਰਹਿ ਜਸਵੰਤ ਜ਼ਫ਼ਰ ਦਾ ਹੈ ?

(1) ਖੜਾਵ੍ਹਾਂ
(2) ਕਾਲ ਪਹਿਰ ਘੜੀਆਂ
(3) ਪਿਆਰੇ ਆਓ ਘਰੇ
(4) ਬਚਪਨ ਘਰ ਤੇ ਮੈਂ
(5) ਅਨਉੱਤਰਿਤ ਪ੍ਰਸ਼ਨ

149. ਫ਼ਰੀਦ ਦੇ ਸ਼ਲੋਕ

'ਫ਼ਰੀਦਾ ਜੇ ਜਾਣਾ ਤਿਲ ਥੋੜੜੇ ਸੰਮ੍ਹਲ ਬੁਕੁ ਭਰੀ ।
ਜੇ ਜਾਣਾ ਸਹੁ ਨੰਢੜਾ ਤਾਂ ਥੋੜਾ ਮਾਣ ਕਰੀ ।
ਜੇ ਜਾਣਾ ਲੜ ਛਿਜਣਾ, ਪੀਢੀ ਪਾਈ ਗੰਢਿ ।
ਤੈ ਜੇ ਵਡੁ ਮੈਂ ਨਾਹਿ ਕੋ, ਸਭੁ ਜਗੁ ਡਿਠਾ ਹੰਢਿ ।'
ਵਿੱਚ ਲੜ ਛਿਜਣਾ ਤੋਂ ਭਾਵ ਹੈ :

(1) ਕਮਜ਼ੋਰ ਸਰੀਰ
(2) ਮਨੁੱਖ ਦਾ ਥੋੜਾ ਵਿਤ
(3) ਜੀਵਨ ਦੀ ਚਲਾਇਮਾਨਤਾ
(4) ਪ੍ਰਭੂ ਦੀ ਬੇਪਰਵਾਹੀ
(5) ਅਨਉੱਤਰਿਤ ਪ੍ਰਸ਼ਨ

150. ਗੁਰੂ ਗ੍ਰੰਥ ਸਾਹਿਬ ਵਿੱਚ ਗਾਥਾ ਨਾਲ ਸੰਬੰਧਿਤ ਗੁਰੂ ਅਰਜਨ ਦੇਵ ਜੀ ਦੇ ਕਿੰਨੇ ਸਲੋਕ ਹਨ ਅਤੇ ਉਹਨਾਂ ਵਿੱਚ ਕਿਸ ਭਾਸ਼ਾ ਦਾ ਪ੍ਰਯੋਗ ਕੀਤਾ ਗਿਆ ਹੈ ?

(1) ਸਲੋਕ–22, ਭਾਸ਼ਾ–ਅਪਭ੍ਰੰਸ਼
(2) ਸਲੋਕ–26, ਭਾਸ਼ਾ–ਪ੍ਰਾਕ੍ਰਿਤ
(3) ਸਲੋਕ–24, ਭਾਸ਼ਾ–ਪਾਲੀ–ਪ੍ਰਾਕ੍ਰਿਤ
(4) ਸਲੋਕ–21, ਭਾਸ਼ਾ–ਬ੍ਰਜ
(5) ਅਨਉੱਤਰਿਤ ਪ੍ਰਸ਼ਨ



Prepp+ Subscription
Only (₹999) ₹249/year
500+ Exams | 1 Year Full Access | 50,000+ Mock tests | 10,000+ Pyp's
Unlock Your Success Today!
LIMITED TIME OFFER

www.prepp.in

Prepp
Your Personal Exams Guide

रफ कार्य के लिए स्थान / SPACE FOR ROUGH WORK



Prepp+ Subscription
Only (₹999) ₹249/year
500+ Exams
1 Year Full Access
50,000+ Mock tests
10,000+ Pyp's
Unlock Your Success Today!
LIMITED TIME OFFER